ੴ ਸਤਿਗੁਰ ਪ੍ਰਸਾਦਿ ॥

# ਸਾਡਾ ਵਿਰਸਾ

# ਅਤੇ

# ਸਵੈ ਪੜਚੋਲ


ਲੇਖਕ ਅਤੇ ਪ੍ਰਕਾਸ਼ਕ

**ਸੇਵਾ ਸਿੰਘ (ਸੰਤ)**

ਗੁਰਦੁਆਰਾ ਰਾਮਪੁਰ ਖੇੜਾ

ਡਾ: ਗੜ੍ਹਦੀਵਾਲਾ ਜਿਲਾ, ਹੁਸ਼ਿਆਰਪੁਰ (ਪੰਜਾਬ)

ਫੋਨ ਨੰ. 01886-260334



©

ਸਭ ਹੱਕ ਕਰਤਾ ਦੇ ਰਾਖਵੇ ਹਨ


## ਤਤਕਰਾ


1. ਸਾਡਾ ਵਿਰਸਾ 3-5

**ਸਾਡਾ ਵਿਰਸਾ ਕੀ ਹੈ ?**

1. ਸਾਡਾ ਵਿਰਸਾ ਹੈ - ਕਿਰਤ ਕਰਨੀ 6
2. ਸਾਡਾ ਵਿਰਸਾ ਹੈ - ਨਾਮ ਜਪਣਾ 6
3. ਸਾਡਾ ਵਿਰਸਾ ਹੈ- ਵੰਡ ਛਕਣਾ 8
4. ਸਾਡਾ ਵਿਰਸਾ ਹੈ - ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ 8
5. ਸਾਡਾ ਵਿਰਸਾ ਹੈ - ਗੁਰਬਾਣੀ ਨਿਤਨੇਮ 9
6. ਸਾਡਾ ਵਿਰਸਾ ਹੈ - ਉਠਿ ਇਸਨਾਨੁ ਕਰਹੁ ਪ੍ਰਭਾਤੇ 10
7. ਸਾਡਾ ਵਿਰਸਾ ਹੈ - ਗੁਰੂ ਦਰਸਾਈ ਰਹਿਤ 11
8. ਸਾਡਾ ਵਿਰਸਾ ਹੈ - ਸਬਦੁ ਗੁਰੂ ਸੁਰਤਿ ਧੁਨਿ ਚੇਲਾ 12
9. ਸਾਡਾ ਵਿਰਸਾ ਹੈ - ਜਾਗਤ ਜੋਤਿ ਜਪੈ ਨਿਸ ਬਾਸੁਰ 13
10. ਸਾਡਾ ਵਿਰਸਾ ਹੈ - ਨਾ ਕੋ ਬੈਰੀ ਨਹੀ ਬਿਗਾਨਾ 14
11. ਸਾਡਾ ਵਿਰਸਾ ਹੈ - ਸੇਵਾ ਕਰਨੀ 14
12. ਸਾਡਾ ਵਿਰਸਾ ਹੈ - ਸਰਬਤ ਦਾ ਭਲਾ ਮੰਗਣਾ 15
13. ਸਾਡਾ ਵਿਰਸਾ ਹੈ - ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ 16
14. ਸਾਡਾ ਵਿਰਸਾ ਹੈ - ਪਰਾਏ ਹੱਕ ਤੋਂ ਬਚਣਾ 17
15. ਸਾਡਾ ਵਿਰਸਾ ਹੈ - ਸਚ ਆਚਾਰ 18
16. ਸਾਡਾ ਵਿਰਸਾ ਹੈ - ਮਾਤ ਬੋਲੀ ਨਾਲ ਪਿਆਰ 18
17. ਸਾਡਾ ਵਿਰਸਾ ਹੈ - ਕੁਦਰਤ ਨਾਲ ਇਕਸੁਰਤਾ 19
18. ਸਾਡਾ ਵਿਰਸਾ ਹੈ - ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ 20
19. ਸਾਡਾ ਵਿਰਸਾ ਹੈ - ਤਿਆਗ 21
20. ਸਾਡਾ ਵਿਰਸਾ ਹੈ - ਸਚੇ ਅਮਲੀ ਬਣਨ ਦਾ 21
21. ਸਾਡਾ ਵਿਰਸਾ ਹੈ - ਵਿਰਸੇ ਵਿਚ ਸਰਦਾਰੀ ਦੀ ਬਖਸ਼ਸ 23
22. ਸਾਡਾ ਵਿਰਸਾ ਹੈ - ਸਾਬਤ ਸੂਰਤਿ ਦਸਤਾਰ ਸਿਰਾ 24
23. ਸਾਡਾ ਵਿਰਸਾ ਹੈ - ਹਮ ਸਭਨਾਂ ਕੇ ਸਾਜਨ 25
24. ਸਾਡਾ ਵਿਰਸਾ ਹੈ - ਇਸਤਰੀ ਜਾਤ ਦਾ ਸਨਮਾਨ ਕਰਨਾ 26
25. ਸਾਡਾ ਵਿਰਸਾ ਹੈ - ਗੁਰੂ ਗ੍ਰੰਥ ਜੀ ਮਾਨੀਓ ਪ੍ਰਗਟ ਗੁਰਾਂ ਕੀ ਦੇਹ 27
26. ਸਾਡਾ ਵਿਰਸਾ ਹੈ — ਮੀਰੀ ਪੀਰੀ ਦਾ ਸਿਧਾਂਤ 28

# ਸਾਡਾ ਵਿਰਸਾ

ਵਿਰਸੇ ਤੋਂ ਭਾਵ ਉਹ ਜਾਇਦਾਦ, ਉਹ ਸਰਮਾਇਆ ਜੋ ਪਿਤਾ ਪੁਰਖੀ ਬਿਨਾਂ ਮੁੱਲ ਤੋਂ, ਬਿਨਾਂ ਮਿਹਨਤ ਤੋਂ ਮਿਲਿਆ ਹੋਵੇ। ਸੰਸਾਰ ਵਿਚ ਜੋ ਪਿਤਾ ਪੁਰਖੀ ਜਾਇਦਾਦ ਨੂੰ ਸਾਂਭ ਲੈਂਦਾ ਹੈ ਉਸ ਨੂੰ ਲੋਕ ਪੁੱਤਰ ਕਹਿੰਦੇ ਹਨ, ਜੋ ਪਿਤਾ ਪੁਰਖੀ ਵਿਰਾਸਤ ਵਿਚ ਵਾਧਾ ਕਰਕੇ ਆਪਣੇ ਪੁਰਖਾਂ ਦੇ ਨਾਮ ਨੂੰ ਰੋਸ਼ਨ ਕਰਦਾ ਹੈ ਉਸਨੂੰ ਸਪੁੱਤਰ ਕਿਹਾ ਜਾਂਦਾ ਹੈ। ਜਿਹੜਾ ਆਪਣੇ ਵਡੇਰਿਆਂ ਦੀ ਵਿਰਾਸਤ ਨੂੰ ਵੇਚ ਵਟ ਕੇ ਖਾ ਪੀ ਕੇ ਨਸ਼ਟ ਕਰ ਦਿੰਦਾ ਹੈ ਉਸ ਨੂੰ ਸੰਸਾਰ ਵਿਚ ਕਪੁੱਤ ਦੇ ਸ਼ਬਦ ਨਾਲ ਲੋਕ ਤ੍ਰਿਸਕਾਰਦੇ ਹਨ।

ਅੱਜ ਆਪਾਂ ਬਾਬਾ ਜੋਰਾਵਰ ਸਿੰਘ, ਬਾਬਾ ਫਤਹਿ ਸਿੰਘ, ਮਾਤਾ ਗੁਜਰੀ ਦੀ ਦੇ ਮਹਾਨ ਪਵਿਤ੍ਰ ਸ਼ਹੀਦੀ ਅਸਥਾਨ ਫਤਹਿ ਗੜ੍ਹ ਸਾਹਿਬ ਦੀ ਪਾਵਨ ਧਰਤੀ ਉੱਪਰ ਬੈਠ ਕੇ ਵਿਰਸਾ ਸੰਭਾਲ ਵਿਸਵ ਸਿੱਖ ਸੰਮੇਲਨ ਵਿਚ ਸ਼ਮੂਲੀਅਤ ਕਰਕੇ ਸਵੈ-ਪੜਚੋਲ ਕਰ ਰਹੇ ਹਾਂ, ਕੀ ਅਸੀਂ ਆਪਣੇ ਸਤਿਗੁਰਾਂ ਦੇ ਬਖਸ਼ਸ ਕੀਤੇ ਵਿਰਸੇ ਨੂੰ ਸਾਂਭ ਛੱਡਿਆ ਹੈ ? ਕੀ ਅਸੀਂ ਉਸ ਵਿਚ ਵਾਧਾ ਕੀਤਾ ਹੈ ? ਜਾਂ ਸਤਿਗੁਰਾਂ ਦੇ ਵਿਰਾਸਤ ਵਿਚ ਦਿੱਤੇ ਅਮੋਲਕ ਸਰਮਾਏ ਨੂੰ ਅਸੀਂ ਗੁਆ ਹੀ ਦਿਤਾ ਹੈ।

ਜੇ ਸਤਿਗੁਰਾਂ ਵਲੋਂ ਦਿੱਤੀ ਵਿਰਾਸਤ ਨੂੰ ਸਾਂਭ ਲਿਆ ਹੈ ਤਾਂ ਫਿਰ ਪੁੱਤਰ ਕਹਾਉਣ ਦੇ ਹੱਕਦਾਰ ਹਾਂ। ਜੇ ਗੁਰੂ ਵਿਰਾਸਤ ਵਿਚ ਵਾਧਾ ਕੀਤਾ ਹੈ ਤਾਂ ਸਪੁੱਤਰ ਕਹਾਉਣ ਦੇ ਦਾਅਵੇਦਾਰ ਹਾਂ। ਜੇ ਅਸੀਂ ਸਤਿਗੁਰਾਂ ਦੇ ਬਖਸ਼ਸ ਕੀਤੇ ਵਿਰਸੇ ਨੂੰ ਭੁਲਾ ਹੀ ਦਿਤਾ ਹੈ ਤਾਂ ਫਿਰ ਪੁੱਤਰ ਜਾਂ ਸਪੁੱਤਰ ਤਾਂ ਕੀ ਕਹਾਉਣਾ ਹੈ, ਕਪੁੱਤ ਜਰੂਰ ਕਹਾਵਾਂਗੇ।

ਸਿੱਖੀ ਸਿਧਾਂਤਾਂ ਦੇ ਅਮੀਰ ਵਿਰਸੇ ਨੂੰ ਰੂਪਮਾਨ ਕਰਨ ਵਾਸਤੇ ਹੀ ਸਤਿਗੁਰੂ ਨਾਨਕ ਦੇਵ ਜੀ ਨੇ ਇਕ ਦਾ ਸਿਧਾਂਤ ਦਿਤਾ ਅਤੇ ਸਾਰੇ ਸੰਸਾਰ ਦਾ ਭਰਮਣ ਕਰਕੇ ਸੰਸਾਰ ਨੂੰ ਗੁਰਮਤਿ ਗਾਡੀ ਰਾਹ ਦੀਆਂ ਬਖਸ਼ਸਾਂ ਕੀਤੀਆਂ। ਇਸੇ ਵਿਰਸੇ ਨੂੰ ਹੋਰ ਅਮੀਰ ਬਨਾਉਣ ਵਾਸਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਹੁਕਮ ਮੰਨਣ ਦੀ ਇੰਨਤਹਾ ਕਰ ਵਿਖਾਈ ਅਤੇ ਸ੍ਰੀ ਗੁਰੂ ਅਮਰ ਦਾਸ ਜੀ ਨੇ ਸੇਵਾ ਦੇ ਪੂਰਨੇ ਵਾਹੇ। ਇਸੇ ਵਿਰਸੇ ਦੀ ਸਾਂਭ ਸੰਭਾਲ ਕਰਨ ਵਾਸਤੇ ਹੀ ਸ੍ਰੀ ਗੁਰੂ ਰਾਮਦਾਸ ਜੀ ਨੇ ਕੇਂਦਰੀ ਅਸਥਾਨ ਸ੍ਰੀ ਅੰਮ੍ਰਿਤਸਰ ਸ਼ਹਿਰ ਵਸਾ ਕੇ ਅੰਮ੍ਰਿਤ ਸਰੋਵਰ ਦੀ ਰਚਨਾ ਦਾ ਟੱਕ ਲਾਇਆ। ਇਸੇ ਅਮੋਲਕ ਵਿਰਸੇ ਦੀ ਖਾਤਰ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਹਾਦਤ ਦਿੱਤੀ। ਇਸੇ ਵਿਰਸੇ ਦੀ ਰਖਵਾਲੀ ਲਈ ਹੀ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਚਾਰ ਜੰਗਾਂ ਲੜੀਆਂ। ਇਸੇ ਵਿਰਸੇ ਨੂੰ ਸੰਤੁਲਨ ਵਿਚ ਰਖਣ ਵਾਸਤੇ ਸਤਿਗੁਰੂ ਹਰਿ ਰਾਇ ਸਾਹਿਬ ਜੀ ਨੇ **"ਤਾਣ ਹੋਦੇ**

**ਹੋਇ ਨਿਤਾਣਾ॥"** (ਪੰਨਾ ੧੩੯੪) ਦੇ ਪੂਰਨੇ ਵਾਹੇ। ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੇ ਇਸੇ ਵਿਰਸੇ ਦੀ ਖਾਤਰ ਦ੍ਰਿੜ੍ਹਤਾ ਦੇ ਨਾਲ ਕੌਲ ਨੂੰ ਪਾਲਿਆ। ਇਸੇ ਵਿਰਸੇ ਵਿਚ ਹੋਰ ਵਾਧਾ ਕਰਨ ਵਾਸਤੇ "ਬਾਂਹਿ ਗਹੇ" ਦੇ ਬਿਰਦ ਦੀ ਪੈਜ ਰਖਣ ਲਈ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਨੇ ਚਾਂਦਨੀ ਚੌਂਕ ਦਿੱਲੀ ਵਿਖੇ ਸ਼ਹਾਦਤ ਦਾ ਜਾਮ ਪੀਤਾ।

ਇਸੇ ਅਮੋਲਕ ਵਿਰਸੇ ਦੀ ਰਖਵਾਲੀ ਵਾਸਤੇ ਅਤੇ ਸੱਚ ਦੇ ਰਸਤੇ ਵਿਚ ਰੁਕਾਵਟ ਬਣਨ ਵਾਲਿਆਂ ਨੂੰ ਇਕ ਪਾਸੇ ਕਰਨ ਲਈ ਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਰੀ ਆਯੂ ਜਰਵਾਨਿਆਂ ਨਾਲ ਯੁਧ ਕੀਤਾ। ਦਸਾਂ ਪਾਤਸਾਹੀਆਂ ਦਾ ਆਦਰਸ਼ਕ ਜੀਵਨ ਸਾਡਾ ਅਮੋਲਕ ਵਿਰਸਾ ਹੈ। ਪੰਜ ਪਿਆਰੇ, ਚਾਰ ਸਾਹਿਬਜ਼ਾਦੇ, ਚਾਲੀ ਮੁਕਤਿਆਂ ਦੇ ਕਾਰਨਾਮੇ ਸਾਡਾ ਵਿਰਸਾ ਹਨ। ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲ ਦਾਸ ਜੀ ਦੀਆਂ ਸ਼ਹਾਦਤਾਂ ਸਾਡਾ ਵਿਰਸਾ ਹਨ। ਭਾਈ ਮਨੀ ਸਿੰਘ ਜੀ, ਬਾਬਾ ਦੀਪ ਸਿੰਘ ਜੀ, ਭਾਈ ਤਾਰੂ ਸਿੰਘ ਜੀ, ਭਾਈ ਸਹਿਬਾਜ਼ ਸਿੰਘ ਜੀ, ਭਾਈ ਸੁਬੇਗ ਸਿੰਘ ਜੀ ਅਤੇ ਹੋਰ ਬੇਅੰਤ ਸਿੰਘ, ਸਿੰਘਣੀਆਂ ਦੀਆਂ ਸ਼ਹਾਦਤਾਂ ਦੇ ਅਸੀਂ ਵਾਰਸ ਹੈ।

ਸਾਰਾ ਸਿੱਖ ਇਤਿਹਾਸ ਜੋ ਵਿਰਸੇ ਦੀ ਖਾਤਰ ਜੂਝਣ ਵਾਲਿਆਂ ਦੇ ਖ਼ੂਨ ਨਾਲ ਲੱਥ-ਪੱਥ ਹੋਇਆਂ ਪਿਆ ਹੈ, ਇਸ ਸਾਰੇ ਇਤਿਹਾਸ ਦੇ ਅਸੀਂ ਵਾਰਸ ਕਹਾਉਂਦੇ ਹਾਂ ਅਤੇ ਇਹ ਹੀ ਸਾਡਾ ਵਿਰਸਾ ਹੈ। ਚਮਕੌਰ ਦੀ ਕੱਚੀ ਗੜ੍ਹੀ ਸਾਡਾ ਅਮੀਰ ਵਿਰਸਾ ਹੈ, ਜੋ ਅਜ ਵੀ ਪੁਕਾਰ ਪੁਕਾਰ ਕੇ ਦੱਸਦੀ ਹੈ ਕਿ ਕਿਵੇਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਅਤੇ ਕਲਗੀਧਰ ਪਾਤਿਸ਼ਾਹ ਜੀ ਨੇ ਚਾਲੀ ਭੁੱਖਣ-ਭਾਣੇ ਸਿੰਘਾਂ ਸਮੇਤ ਦਸ ਲੱਖ ਬੇ-ਇਮਾਨੇ ਲਸ਼ਕਰ ਨਾਲ 90 ਘੰਟੇ ਤੋਂ ਉਪਰ ਲੋਹਾ ਲਿਆ। ਖਾਲਸਈ ਵਿਰਸੇ ਨੂੰ ਸੰਭਾਲਣ ਲਈ ਹੀ ਸਤਿਗੁਰ ਜੀ ਪੰਜਾਂ ਦਾ ਹੁਕਮ ਮੰਨ ਕੇ ਆਪ ਸਹੀ ਸਲਾਮਤ, ਟਿੱਡੀਦਲ ਲਸ਼ਕਰ ਵਿਚੋਂ ਨਿਕਲ ਗਏ।

ਇਸੇ ਵਿਰਸੇ ਨੂੰ ਸੰਭਾਲਣ ਦੀ ਖਾਤਰ ਹੀ ਚਾਲੀ ਮੁਕਤਿਆਂ, ਜਿਹਨਾਂ ਨੇ ਕਿਸੇ ਸਮੇਂ ਆਪਣੇ ਅਮੀਰ ਵਿਰਸੇ ਵਲ ਪਿੱਠ ਦੇ ਕੇ ਬੇਦਾਵਾ ਲਿਖ ਦਿਤਾ ਸੀ, ਮਾਤਾ ਭਾਗੋ ਜੀ ਅਤੇ ਭਾਈ ਮਹਾਂ ਸਿੰਘ ਜੀ ਦੀ ਜਥੇਦਾਰੀ ਹੇਠ ਮੁਕਤਸਰ ਸਾਹਿਬ ਜੀ ਦਾ ਯੁੱਧ ਲੜਿਆ ਅਤੇ ਆਪਣੇ ਪ੍ਰਾਨਾਂ ਦੀਆਂ ਅਹੂਤੀਆਂ ਦੇ ਕੇ ਕਲਗੀਧਰ ਜੀ ਪਾਸੋਂ ਬੇਦਾਵਾ ਪੜਵਾ ਕੇ ਮੁੜ ਆਪਣੇ ਸ਼ਾਨਦਾਰ ਵਿਰਸੇ ਦੇ ਭਾਈਵਾਲ ਬਣੇ।

ਸਿੱਖੀ ਵਿਰਸੇ ਦੀ ਖਾਤਰ ਹੀ ਬਾਬਾ ਜੋਰਾਵਰ ਸਿੰਘ, ਬਾਬਾ ਫਤਹਿ ਸਿੰਘ ਜੀ ਨੇ ਸਰਹੰਦ ਦੀਆਂ ਨੀਹਾਂ ਵਿੱਚ ਚਿਣਨਾ ਮਨਜ਼ੂਰ ਕੀਤਾ ਪਰ ਪਿਤਾ ਪੁਰਖੀ ਵਿਰਸੇ ਨੂੰ ਆਂਚ ਨਹੀਂ ਆਉਣ ਦਿੱਤੀ। ਸਗੋਂ ਪਿਤਾ ਪੁਰਖੀ ਵਿਰਸੇ ਦੀਆਂ ਨੀਹਾਂ ਆਪਣੇ ਖ਼ੂਨ ਨਾਲ ਹੋਰ ਪੱਕੀਆਂ ਕੀਤੀਆਂ। ਸਰਹੰਦ ਦੀਆਂ ਦੀਵਾਰਾਂ ਅੱਜ ਵੀ ਆਪਣੇ



ਵਿਰਸੇ ਨਾਲ ਜੁੜਨ ਤੋਂ ਡੋਲਦੇ, ਥਿੜਕਦੇ ਮਨਾਂ ਨੂੰ ਅਡੋਲ ਕਰਨ ਲਈ ਸਹਾਰਾ ਬਣਦੀਆਂ ਹਨ। ਮਾਤਾ ਗੁਜਰੀ ਜੀ ਦੀ ਸ਼ਹਾਦਤ ਵੀ ਇਸੇ ਅਮੀਰ ਵਿਰਸੇ ਦੀ ਰਖਵਾਲੀ ਹਿਤ ਹੀ ਹੋਈ ਲੰਬੀ ਦਾਸਤਾਨ ਦਰਸਾਉਂਦੀ ਹੈ।

ਸਿੱਖੀ ਵਿਰਸੇ ਦੀ ਅਣਖ ਖਾਤਰ ਹੀ ਬਾਬਾ ਬੰਦਾ ਸਿੰਘ ਬਹਾਦੁਰ ਜੀ ਨੇ ਸਿੱਖੀ ਵਿਰਸੇ ਦੇ ਦੁਸ਼ਮਨਾਂ ਨੂੰ ਸੋਧਿਆ ਅਤੇ ਆਪ ਖੁਦ ਸ਼ਹਾਦਤ ਦਾ ਜਾਮ ਪੀਤਾ। ਛੋਟੇ, ਵੱਡੇ ਘਲੂਘਾਰੇ ਅਤੇ ਸ਼ਹਾਦਤਾਂ ਦੀ ਲੰਬੀ ਚੌੜੀ ਦਾਸਤਾਨ, ਇਹ ਸਾਰਾ ਸ਼ਹੀਦਾਂ ਦੇ ਲਹੂ ਨਾਲ ਲਿਖਿਆ ਹੋਇਆ ਇਤਿਹਾਸ ਸਾਡੇ ਵਿਰਸੇ ਦੀ ਹੀ ਲੰਬੀ ਗਾਥਾ ਹੈ। ਪੰਜਾਬ ਅਤੇ ਪੰਜਾਬੀਅਤ ਨਿਰੋਲ ਸਤਿਗੁਰਾਂ ਦੀ ਅਮੀਰ ਬਖਸ਼ੀਸ ਵਿਰਸਾ ਹੈ। ਇਸੇ ਕਰਕੇ ਹੀ ਪ੍ਰੋ: ਪੂਰਨ ਸਿੰਘ ਜੀ ਨੇ ਕਿਸੇ ਸਮੇਂ ਕਿਹਾ ਸੀ "ਪੰਜਾਬ ਨਾ ਹਿੰਦੂ ਨਾ ਮੁਸਲਮਾਨ ਪੰਜਾਬ ਜਿਊਂਦਾ ਗੁਰਾਂ ਦੇ ਨਾਓ ਤੇ।" ਹਲੇਮੀ ਰਾਜ, ਦੂਜਿਆਂ ਦੀ ਬਾਂਹ ਫੜਨੀ, ਗਰੀਬ ਨਿਤਾਣੇ ਦਾ ਸਾਥ ਦੇਣਾ, ਅਣਖ ਅਤੇ ਗੈਰਤ ਨਾਲ ਜਿਊਣਾ, ਨਿਮਰਤਾ, ਗਰੀਬੀ, ਨਾ ਡਰਾਉਣਾ ਨਾ ਡਰਨਾ, ਜ਼ੁਲਮ ਦਾ ਟਾਕਰਾ ਕਰਨਾ, ਹਰ ਔਖ ਸੌਖ, ਦੁਖ ਸੁਖ ਵਿਚ ਚੜ੍ਹਦੀ ਕਲਾ, ਨਾਮ ਖੁਮਾਰੀ, ਸੇਵਾ-ਸਿਮਰਨ, ਸ਼ਬਦ ਗੁਰੂ ਦਾ ਸਿਧਾਂਤ, **ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ**, ਸਚਿਆਰਤਾ ਸਰਬਤ ਦਾ ਭਲਾ, ਕਿਰਤ ਕਰਨੀ, ਵੰਡ ਕੇ ਛਕਣਾ, ਨਾਮ ਜਪਣਾ, ਪ੍ਰਵਿਰਤੀ ਵਿਚ ਨਿਰਵ੍ਰਿਤੀ ਦੀ ਬਿਰਤੀ ਦੇ ਧਾਰਨੀ ਬਣਨਾ, ਇਹ ਸਾਰਾ ਕੁਝ ਸਾਡਾ ਗੁਰਸਿਖੀ ਦਾ ਵਿਰਸਾ ਹੀ ਤਾਂ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਿਰੋਲ ਸਾਡਾ ਵਿਰਸਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਗੋਦ ਬਹੁਤ ਵਿਸ਼ਾਲ ਹੈ, ਜਿਸ ਵਿਚ ਹਰ ਧਰਮ, ਹਰ ਅਕੀਦੇ ਦਾ ਮਨੁਖ ਬੜੀ ਆਸਾਨੀ ਨਾਲ ਗੁਰੂ ਗੋਦ ਦਾ ਆਨੰਦ ਮਾਣਦਾ, ਆਪਣੇ ਮੂਲ ਨਾਲ ਜੁੜ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਛੇ ਗੁਰੂ ਸਾਹਿਬਾਨ ਦੇ ਨਾਲ ਵੱਖ ਵੱਖ ਮਤਾਂ ਦੇ ਧਾਰਨੀ ਪੰਦਰਾਂ ਭਗਤ, ਗਿਆਰਾਂ ਭੱਟ, ਚਾਰ ਗੁਰ ਸਿੱਖ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਇਕੋ ਮੰਚ ਉਤੇ ਬੈਠ ਕੇ ਸੰਸਾਰ ਦੀ ਅਗਵਾਈ ਕਰ ਰਹੇ ਹਨ। ਇਸੇ ਕਰਕੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਧਾਰਮਿਕ ਦੁਨੀਆਂ ਵਿਚ ਵੱਖਰੀ ਦਿਖ ਹੈ। ਜੋ ਧਰੂ ਤਾਰੇ ਵਾਂਗ ਅਟਲ ਅਤੇ ਅਚਲ ਹੈ। ਅਜ ਲੋੜ ਹੈ ਆਪਣੇ ਅਮੋਲਕ ਅਮੀਰ ਵਿਰਸੇ ਦੇ ਸੱਚੇ ਵਾਰਸ ਬਣਨ ਦੀ।

# ਸਾਡਾ ਵਿਰਸਾ ਕੀ ਹੈ ?

## 1. ਸਾਡਾ ਵਿਰਸਾ ਹੈ : ਕਿਰਤ ਕਰਨੀ

ਗੁਰੂ ਨਾਨਕ ਦਾ ਘਰ ਵਿਹਲੜਾਂ ਦਾ ਜਾਂ ਆਲਸੀਆਂ ਦਾ ਘਰ ਨਹੀਂ, ਸਗੋਂ ਗੁਰੂ ਨਾਨਕ ਦਾ ਘਰ ਤਾਂ ਉਦਮੀਆਂ ਅਤੇ ਕਿਰਤੀਆਂ ਦਾ ਹੈ। ਸਤਿਗੁਰ ਨਾਨਕ ਪਾਤਸ਼ਾਹ ਜੀ ਨੇ ਖੁਦ ਆਪ ਕਿਰਤ ਕਰਨ ਦੇ ਪੂਰਨੇ ਵਾਹੇ ਅਤੇ ਸੰਸਾਰ ਨੂੰ ਸੱਦਾ ਅਤੇ ਸ਼ਾਬਾਸ਼ ਦਿਤੀ ਕਿ ਹੇ ਮਨੁਖ !**"ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ" (ਮ: ੫ ਪੰਨਾ ੫੨੨)॥** ਉਦਮ ਕਰਨ ਵਾਲਿਆ ਜਿਉਂਦਾ ਰਹੁ, ਕਮਾਈ ਕਰੇਂਗਾ ਤਾਂ ਤੈਨੂੰ ਸੁਖ ਮਿਲੇਗਾ। ਕਿਰਤ ਕੋਈ ਵੀ ਮਾੜੀ ਨਹੀਂ। ਕਿਰਤੀ ਮਨੁੱਖ ਨੂੰ ਕਿਸੇ ਅਗੇ ਹੱਥ ਨਹੀਂ ਅਡਣਾ ਪੈਂਦਾ। ਲੋੜ ਹੈ— **ਘਾਲਿ ਖਾਇ ਸੁਕ੍ਰਿਤ ਕਰੈ ਵਡਾ ਹੋਇ ਨ ਆਪੁ ਗਣਾਏ ॥ (ਵਾਰ ੨੮ ਪਉੜੀ ੧੫) ਅਤੇ ਕਿਰਤਿ ਵਿਰਤਿ ਕਰਿ ਧਰਮ ਦੀ ਖਾਟਿ ਖਵਾਲਣੁ ਭਾਇ ਕਰੇਹੀ ॥ (ਵਾਰ ੧ ਪਉੜੀ ੩)** ਦੀ ਕਾਰ ਕਰਨ ਦੀ। ਕਿਰਤ ਕਰਕੇ ਹੀ ਅਸੀਂ ਆਪਣੀਆਂ ਸਰੀਰਕ ਅਤੇ ਪ੍ਰਵਾਰਿਕ ਲੋੜਾਂ ਪੂਰੀਆਂ ਕਰ ਸਕਦੇ ਹਾਂ। ਕਿਰਤ ਨ ਕਰਾਂਗੇ ਫਿਰ ਸਰੀਰਕ ਅਤੇ ਪ੍ਰਵਾਰਿਕ ਲੋੜਾਂ ਦੀ ਪੂਰਤੀ ਕਰਨ ਲਈ ਲੋਕਾਂ ਅਗੇ ਹੱਥ ਅੱਡਣਾ ਪਵੇਗਾ। ਜਾਂ ਫਿਰ ਕੋਈ ਚੋਰੀ, ਧਾੜਾ ਕਰਨਾ ਪਵੇਗਾ। ਆਪਣੀਆਂ ਅਤੇ ਪ੍ਰਵਾਰ ਦੀਆਂ ਲੋੜਾਂ ਦੀ ਪੂਰਤੀ ਲਈ ਅਤੇ ਚੋਰ ਜਾਂ ਧਾੜਵੀ ਦੇ ਕਲੰਕ ਤੋਂ ਬਚਣ ਲਈ, ਸਾਨੂੰ ਕਿਰਤ ਕਰਕੇ ਆਪਣੇ ਅਮੀਰ ਵਿਰਸੇ ਦੇ ਧਾਰਨੀ ਬਣਨ ਤੋਂ ਗੁਰੇਜ ਨਹੀਂ ਕਰਨਾ ਚਾਹੀਦਾ। ਅਜ ਸਾਡੀ ਨੌਜਵਾਨ ਪੀੜ੍ਹੀ ਹੱਥੀਂ ਕਿਰਤ ਕਰਨ ਦੇ ਵਿਰਸੇ ਤੋਂ ਪਿੱਛੇ ਨੂੰ ਭੱਜ ਰਹੀ ਹੈ, ਇਹ ਰਸਤਾ ਸਾਡੇ ਸਾਰਿਆ ਲਈ ਲਾਹੇਵੰਦ ਸਾਬਤ ਨਹੀਂ ਹੋਵੇਗਾ। ਸਗੋਂ ਇਹ ਖਤਰਨਾਕ ਰੁਝਾਨ ਸਾਡੇ ਭਵਿੱਖ ਲਈ ਖਤਰੇ ਦੀ ਘੰਟੀ ਹੈ।

## 2. ਸਾਡਾ ਵਿਰਸਾ ਹੈ : ਨਾਮ ਜਪਣਾ

ਸ੍ਰੀ ਗੁਰੂ ਅਰਜਨ ਦੇਵ ਪਾਤਿਸ਼ਾਹ ਜੀ ਨੇ ਤਾਂ **"ਨਾਨਕ ਕੈ ਘਰਿ ਕੇਵਲ ਨਾਮੁ"** ਭੈਰਉ ਮ : ੫ (ਪੰਨਾ ੧੧੩੬) ਦਾ ਉਪਦੇਸ਼ ਦਿਤਾ ਹੈ ਅਤੇ ਹੁਕਮ ਕੀਤਾ ਹੈ **"ਕੇਵਲ ਨਾਮੁ ਜਪਹੁ ਰੇ ਪ੍ਰਾਨੀ ਪਰਹੁ ਏਕ ਕੀ ਸਰਨਾਂ" (ਪੰਨਾ ੬੯੨) "ਏਕੋ ਜਪਿ ਏਕੋ ਸਾਲਾਹਿ ॥ ਏਕੁ ਸਿਮਰਿ ਏਕੋ ਮਨ ਆਹਿ ॥ ਏਕਸ ਕੇ ਗੁਨ ਗਾਉ ਅਨੰਤ ॥ ਮਨਿ ਤਨਿ ਜਾਪਿ ਏਕ ਭਗਵੰਤ ॥ (ਸੁਖਮਨੀ ਮ : ੫, ਪੰਨਾ ੨੮੯)**



ਦੇ ਧਾਰਨੀ ਬਣਨ ਦੀ ਹਦਾਇਤ ਕਰਕੇ ਫੁਰਮਾਇਆ ਹੈ **"ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ ਜਪੁਜੀ (ਪੰਨਾ ੮)"**

ਮਨੁੱਖਾ ਜਨਮ ਨਾਮ ਜਪਿ ਕੇ ਮੁਖ ਉਜਲਾ ਕਰਨ ਲਈ ਅਤੇ ਪ੍ਰਭੂ ਵਿੱਚ ਲੀਨਤਾ ਪ੍ਰਾਪਤ ਕਰਨ ਲਈ ਪ੍ਰਮੇਸ਼ਰ ਨੇ ਦਿਤਾ। ਮਨੁਖਾ ਜਨਮ ਵਿਚ ਨਾਮ ਜਪ ਦਾ ਲਾਹਾ ਪ੍ਰਾਪਤ ਕਰ ਲੈਣਾ ਚਾਹੀਦਾ ਹੈ। ਨਾਮ ਵਿਹੂਣਿਆਂ ਪ੍ਰਤੀ ਤਾਂ ਸਤਿਗੁਰੂ ਜੀ ਨੇ ਹੁਕਮ ਕੀਤਾ ਹੈ **"ਜਿਨੀ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ ॥** ਅਤੇ **ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ ॥**

**ਆਸਾ ਮ: ੪ (ਪੰਨਾ ੪੫੦)**

ਅਤੇ–

***ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ[1] ॥***
***ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ ਓਇ ਖਪਿ ਖਪਿ ਮੁਏ ਕਰਾਂਝਾ[2] ॥***

**(ਜੈਤਸਰੀ ਮ: ੪ ਪੰਨਾ ੬੯੭)**

ਮਨੁੱਖਾ ਜਨਮ ਦੁਆਰਾ ਨਾਮ ਜਪੁ ਦਾ ਕਾਰਜ ਹੀ ਮਨੁੱਖ ਦੇ ਕੰਮ ਆਉਣ ਵਾਲਾ ਹੈ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ

***ਅਵਰਿ ਕਾਜ ਤੇਰੈ ਕਿਤੈ ਨ ਕਾਮ ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥*** **(ਆਸਾ ਮ: ੫ ਪੰਨਾ ੧੨)**

ਅਤੇ–

***ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥ ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥***
***ਜਹ ਮਹਾ ਭਇਆਨ ਦੂਤ ਜਮ ਦਲੈ ॥ ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥***

**(ਗਉੜੀ ਸੁਖਮਨੀ ਮ: ੫ ਪੰਨਾ ੨੬੪)**

ਗੁਰੂ ਹੁਕਮ ਵਿਚ, ***"ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥"***

**(ਸਿਰੀ ਰਾਗੁ ਮ: ੧ ਪੰਨਾ ੨੨)**

ਦੀ ਕਾਰ ਕਰਕੇ ਆਪਣੇ ਮੂਲ ਨਾਲ ਜੁੜਨ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ ਅਤੇ ਨਾਮ ਜਪ ਦੇ ਆਪਣੇ ਅਮੀਰ ਵਿਰਸੇ ਦੇ ਭਾਈਵਾਲ ਬਣਨਾ ਚਾਹੀਦਾ ਹੈ।

---

੧ ਉਹ ਇਸਤਰੀ ਜਿਸ ਦੇ ਬੱਚਾ ਨਾ ਹੋ ਸਕੇ, ੨ ਖਪ-ਖਪ ਕੇ ਕਰਲਾਉਂਦੇ ਮਰਦੇ ਹਨ।

## 3. ਸਾਡਾ ਵਿਰਸਾ ਹੈ : ਵੰਡ ਕੇ ਛਕਣਾ

ਮਨੁੱਖ ਦੀ ਬਿਰਤੀ ਲੈਣ ਦੀ ਹੈ, ਅਤੇ ਪ੍ਰਭੂ ਦਾ ਸੁਭਾਅ ਦੇਣ ਦਾ ਹੈ। ਜਿੰਨਾ ਚਿਰ ਦੇਣ ਦਾ ਸੁਭਾਅ ਨਹੀਂ ਬਣਦਾ ਉਨਾਂ ਚਿਰ ਪ੍ਰਭੂ ਵਿੱਚ ਅਭੇਦਤਾ ਨਹੀਂ ਮਿਲਣੀ। ਦੇਣ ਦੇ ਸੁਭਾਅ ਨੂੰ ਪਕਾਉਣ ਲਈ ਗੁਰੂ ਉਪਦੇਸ਼ ਦੇ ਧਾਰਨੀ ਬਣਨਾ ਜਰੂਰੀ ਹੈ। ਗੁਰੂ ਉਪਦੇਸ਼ ਹੈ :—

***ਘਾਲਿ ਖਾਇ ਕਿਛੁ ਹਥਹੁ ਦੇਇ ॥***
***ਨਾਨਕ ਰਾਹੁ ਪਛਾਣਹਿ ਸੇਇ ॥*** **(ਸਲੋਕ ਮ: ੧ ਪੰਨਾ ੧੨੪੫)**

**ਅਤੇ**

***ਘਾਲਿ ਖਾਇ ਸੁਕ੍ਰਿਤ ਕਰੈ ਵਡਾ ਹੋਇ ਨ ਆਪੁ ਗਣਾਏ ॥***

**(ਵਾਰ ੨੯ ਪਉੜੀ ੧੫)**

ਜੇ ਵੰਡ ਛਕਦੇ ਹਾਂ ਤਾਂ ਸਿੱਖੀ ਵਿਰਸੇ ਦੇ ਮਾਲਕ ਹਾਂ। ਜੇ ਵੰਡ ਛਕਣ ਦਾ ਸੁਭਾਅ ਪ੍ਰਪੱਕ ਨਹੀਂ ਹੋਇਆ ਤਾਂ ਫਿਰ ਆਪਾਂ ਨੂੰ ਪੜਚੋਲ ਕਰਕੇ ਵੰਡ ਛਕਣ ਦੇ ਮਾਰਗ ਨੂੰ ਅਪਨਾਉਣ ਦੀ ਲੋੜ ਹੈ। ਪੁਰਾਤਨ ਸਿੰਘ ਤਾਂ ਤਿੰਨ ਤਿੰਨ ਦਿਨਾਂ ਦੇ ਭੁਖੇ, ਲੰਗਰ ਤਿਆਰ ਕਰਕੇ ਲੋੜਵੰਦਾਂ ਨੂੰ ਆਵਾਜ਼ਾਂ ਮਾਰਦੇ ਸਨ, ਅਤੇ ਲੋੜਵੰਦਾਂ ਨੂੰ ਛਕਾ ਕੇ ਆਪ ਛੱਕਦੇ ਸਨ —

***ਦੇਤ ਆਵਾਜਾ ਭੁੱਖਾ ਕੋਈ***
***ਦੇਗ ਤਿਆਰ ਗੁਰੂ ਕੀ ਹੋਈ ॥***
***ਉਸ ਸਮੇਂ ਵੈਰੀ ਕਿਮ ਆਵੈ***
***ਪਰਮ ਮੀਤ ਸਮ ਤੋਹਿ ਛਕਾਵੈ ॥***
***ਵੈਰੀ ਮਿਤਰ ਕੋ ਸਮ ਦੈ ਹੈ ॥***
***ਬਚੇ ਤਾਂ ਪੀਛੈ ਖੁਦ ਖਾ ਲੈ ਹੈ ॥***
***ਨਹੀ ਤੋ ਲੰਗਰ ਮਸਤ ਬਤੈ ਹੈ।***

**'ਪੰਥ ਪ੍ਰਕਾਸ਼' ਕ੍ਰਿਤ ਗਿ: ਗਿਆਨ ਸਿੰਘ**

ਕੈਸੇ ਸਨ ਸਾਡੇ ਵਡੇਰੇ ਜਿੰਨਾਂ ਨੇ ਸਾਨੂੰ ਵੰਡ ਛਕਣ ਦੀ ਦਾਤ ਵਿਰਸੇ ਵਿਚ ਬਖਸ਼ਿਸ਼ ਕੀਤੀ।

## 4. ਸਾਡਾ ਵਿਰਸਾ ਹੈ : ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ

**(ਗੂਜਰੀ ਮ; ੫ ਪੰਨਾ ੪੯੬)**

ਆਮ ਮਨੁੱਖ ਤੋਂ ਲੈ ਕੇ ਰਿਸ਼ੀ ਮੁਨੀ ਅਤੇ ਦੇਵਤੇ ਸਾਰੇ ਅੰਮ੍ਰਿਤ ਦੀ ਪ੍ਰਾਪਤੀ ਲਈ



ਯਤਨਸ਼ੀਲ ਹਨ, ਪਰ ਇਹ ਅਮੋਲਕ ਦਾਤ, ਯਤਨਾਂ ਨਾਲ ਵੀ ਪ੍ਰਾਪਤ ਨਹੀਂ ਹੁੰਦੀ। ਸਤਿਗੁਰ ਅਮਰ ਦਾਸ ਜੀ ਦਾ ਫੁਰਮਾਨ ਹੈ — **ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ ॥ (ਅਨੰਦ ਸਾਹਿਬ ਪੰਨਾ ੯੧੮)**

ਐਸੀ ਅਮੋਲਕ ਅੰਮ੍ਰਿਤ ਦੀ ਦਾਤ, ਸਤਿਗੁਰੂ ਸਾਨੂੰ ਆਵਾਜ਼ਾਂ ਮਾਰ ਮਾਰ ਕੇ ਪ੍ਰਾਪਤ ਕਰਨ ਲਈ ਕਹਿੰਦੇ ਹਨ ਕਿ **"ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ[1] ॥" (ਗੂਜਰੀ ਮ; ੫ ਪੰਨਾ ੪੯੬)**

ਅੱਜ ਅੰਮ੍ਰਿਤ ਸਾਨੂੰ ਬਿਨਾਂ ਮੁਲ ਤੋਂ ਬਿਨਾਂ ਯਤਨਾ ਤੋਂ ਮਿਲ ਰਿਹਾ ਹੈ, ਜਿਸ ਨੂੰ ਲੈਣ ਤੋਂ ਅਸੀਂ ਇਨਕਾਰੀ ਹੋ ਰਹੇ ਹਾਂ। ਸਾਡੀ ਅੰਦਰਲੀ ਦਸ਼ਾ ਸਤਿਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਵਾਲੀ ਹੋ ਚੁਕੀ ਹੈ **"ਅੰਮ੍ਰਿਤੁ ਕਉਰਾ ਬਿਖਿਆ[2] ਮੀਠੀ ॥ ਸਾਕਤ ਕੀ ਬਿਧਿ ਨੈਨਹੁ ਡੀਠੀ ॥ (ਰਾਮਕਲੀ ਮ: ੫ ਪੰਨਾ ੮੯੨)**

ਲੋੜ ਹੈ ਆਪਣੇ ਅੰਦਰ ਝਾਤ ਮਾਰਨ ਦੀ, ਸਾਕਤ ਬਿਰਤੀ ਦਾ ਤਿਆਗ ਕਰਕੇ, ਗੁਰੂ ਚਾਲੀ ਅਨੁਸਾਰ ਚੱਲ ਕੇ ਪੰਜਾਂ ਪਿਆਰਿਆਂ ਦੁਆਰਾ ਗੁਰੂ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਆਪਣੇ ਵਿਰਸੇ ਨਾਲ ਜੁੜੀਏ।

## 5. ਸਾਡਾ ਵਿਰਸਾ ਹੈ : ਗੁਰਬਾਣੀ ਨਿਤਨੇਮ

ਸਥੂਲ ਸੰਸਾਰ ਵਿੱਚ ਵਿੱਚਰਨ ਵਾਸਤੇ ਪ੍ਰਮੇਸ਼ਰ ਨੇ ਸਾਨੂੰ ਸਥੂਲ ਸਰੀਰ ਦਿੱਤਾ ਹੈ। ਸਥੂਲ ਸਰੀਰ ਨੂੰ ਚਲਾਉਣ ਵਾਸਤੇ ਸਰੀਰ ਅੰਦਰ ਸੂਖਮ ਆਤਮਾ ਪਾਈ ਹੈ। ਦੋਵਾਂ ਦੀ ਖੁਰਾਕ ਵੀ ਅਲੱਗ-ਅਲੱਗ ਹੈ। ਸਥੂਲ ਸਰੀਰ ਦੀ ਖੁਰਾਕ ਸਥੂਲ ਅੰਨ-ਪਾਣੀ ਹੈ। ਸੂਖਮ ਆਤਮਾ ਦਾ ਅਹਾਰ ਨਾਮ ਅਤੇ ਗੁਰਬਾਣੀ ਹੈ। ਜਿਹੜਾ ਮਨੁੱਖ ਅੰਨ-ਪਾਣੀ ਦਾ ਤਿਆਗ ਕਰ ਦਿੰਦਾ ਹੈ, ਉਸ ਦਾ ਸਰੀਰ ਦੁਰਬਲ ਹੋ ਕੇ ਇਕ ਦਿਨ ਖਤਮ ਹੋ ਜਾਂਦਾ ਹੈ। ਇਸੇ ਤਰ੍ਹਾਂ ਜਿਹੜਾ ਮਨੁੱਖ ਆਪਣੀ ਆਤਮਾ ਨੂੰ ਨਾਮ ਬਾਣੀ ਦੀ ਖੁਰਾਕ ਨਹੀਂ ਦਿੰਦਾ, ਉਸ ਦੀ ਆਤਮਾ ਵੀ ਕਮਜ਼ੋਰ ਦੁਰਬਲ ਹੁੰਦੀ ਹੁੰਦੀ ਆਤਮਿਕ ਮੌਤ ਦਾ ਸ਼ਿਕਾਰ ਹੋ ਜਾਂਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ, ਨਿਤ ਹੀ ਆਪਣੀ ਆਤਮਾ ਨੂੰ ਨਾਮ ਬਾਣੀ ਦਾ ਅਹਾਰ ਦੇਣ ਲਈ ਹੁਕਮ ਕਰ ਕੇ ਫੁਰਮਾਇਆ ਹੈ **"ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥"**

**(ਮੁੰਦਾਵਣੀ ਮ: ੫ ਪੰਨਾ ੧੪੨੯)**

---

੧. ਬੇਅੰਤ ੨. ਮਾਇਆ ਰੂਪੀ ਜ਼ਹਿਰ

*ਮੈ ਗੁਰਬਾਨੀ ਆਧਾਰੁ ਹੈ ਗੁਰਬਾਨੀ ਲਾਗਿ ਰਹਾਉ ॥* (ਮ:੪, ਪੰਨਾ ੭੫੯)
*ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥*
**(ਅਨੰਦ ਸਾਹਿਬ ਪੰਨਾ ੯੧੭)**

ਅੱਜ ਆਪਾਂ ਨੂੰ ਸਵੈ ਪੜਚੋਲ ਕਰਨ ਦੀ ਲੋੜ ਹੈ, ਕੀ ਅਸੀਂ ਗੁਰੂ ਹੁਕਮ ਮੰਨ ਕੇ **"ਨਿਤ ਨਿਤ ਰਖੁ ਉਰਿਧਾਰੋ"** ਦੀ ਕਾਰ ਕਰਦੇ ਹਾਂ। ਜੇ ਨਹੀਂ ਕਰਦੇ ਫਿਰ ਸਾਡੀ ਆਤਮਾ ਅਤ੍ਰਿਪਤ ਹੈ। ਅਤ੍ਰਿਪਤ ਆਤਮਾ ਮਾਨਸਿਕ ਬਿਮਾਰੀ ਦਾ ਸ਼ਿਕਾਰ ਹੋ ਜਾਂਦੀ ਹੈ। ਆਪੋਧਾਪੀ, ਲੋਭ-ਲਾਲਚ, ਖੁਦ.ਗਰਜ਼ੀ, ਝੂਠ-ਫਰੇਬ, ਅਸ਼ਾਂਤੀ ਇਹ ਸਭ ਬੀਮਾਰ ਮਾਨਸਿਕਤਾ ਦੀਆਂ ਹੀ ਨਿਸ਼ਾਨੀਆਂ ਹਨ। ਸਾਹਿਬ ਗੁਰੂ ਨਾਨਕ ਦੇਵ ਜੀ ਦਾ ਧਨਾਸਰੀ ਰਾਗ ਵਿੱਚ ਫੁਰਮਾਨ ਹੈ —

*ਜੀਉ ਤਪਤੁ ਹੈ ਬਾਰੋ ਬਾਰ ॥*
*ਤਪਿ ਤਪਿ ਖਪੈ ਬਹੁਤੁ ਬੇਕਾਰ ॥*
*ਜੈ ਤਨਿ ਬਾਣੀ ਵਿਸਰਿ ਜਾਇ*[੧] ॥
*ਜਿਉ ਪਕਾ ਰੋਗੀ ਵਿਲਲਾਇ ॥੧॥* **(ਧਨਾਸਰੀ ਮ: ੧, ਪੰਨਾ ੬੬੧)**

ਅਸ਼ਾਂਤੀ ਅਤੇ ਵਿਲਲਾਇ ਦੇ ਜੀਵਨ ਤੋਂ ਛੁਟਕਾਰਾ ਪ੍ਰਾਪਤ ਕਰਨ ਲਈ ਖੁਦਗਰਜੀ, ਲਾਲਚ, ਝੂਠ ਫਰੇਬ, ਦੇ ਪੰਜੇ ਵਿਚੋਂ ਨਿਜਾਤ ਪ੍ਰਾਪਤ ਕਰਨ ਲਈ ਸਤਿਗੁਰੂ ਜੀ ਨੇ ਜੋ ਸਾਨੂੰ ਨਿਤਨੇਮ ਦਾ ਵਿਰਸਾ ਪ੍ਰਦਾਨ ਕੀਤਾ ਹੈ ਉਸ ਨੂੰ ਸਾਂਭ ਲਈਏ, ਫਿਰ ਖੁਸ਼ੀਆਂ ਖੇੜੇ ਅਤੇ ਬੇਪ੍ਰਵਾਹੀ ਵਾਲਾ ਅਨੰਦਿਤ ਜੀਵਨ ਮਿਲ ਜਾਵੇਗਾ। ਲੋੜ ਹੈ ਆਪਣੇ ਵਿਰਸੇ ਨਾਲ ਜੁੜਨ ਦੀ।

## 6. ਸਾਡਾ ਵਿਰਸਾ ਹੈ : ਉਠਿ ਇਸਨਾਨੁ ਕਰਹੁ ਪਰਭਾਤੇ

ਸਰੀਰਕ ਇਸ਼ਨਾਨ ਕਰਨ ਨਾਲ ਸ਼ਰੀਰ ਦੀ ਪਵਿਤ੍ਰਤਾ ਹੁੰਦੀ ਹੈ। "ਸਿਮਰਿ ਪ੍ਰਭੁ ਅਪਨਾ" ਦੀ ਕਾਰ ਕਰਨ ਨਾਲ ਮਨ ਪਵਿੱਤ੍ਰ ਹੁੰਦਾ ਹੈ। ਅਸੀਂ ਸਰੀਰਕ ਪਵਿੱਤ੍ਰਤਾ ਵੀ ਰਖਣੀ ਹੈ ਅਤੇ ਮਨ ਨੂੰ ਵੀ ਪਵਿਤ੍ਰ ਕਰਨਾ ਹੈ। ਇਹ ਦੋਨੋਂ ਕਰਮ ਕਰਨ ਲਈ ਸਤਿਗੁਰ ਜੀ ਨੇ

*"ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥*
*ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ ॥*
**(ਸੋਰਠਿ ਮ:੫, ਪੰਨਾ ੬੧੧)**

---

੧. ਕਰਲਾਉਣਾ



ਦਾ ਮਾਰਗ ਦਰਸਾਇਆ ਹੈ ਅਤੇ ਪੰਜਵੇਂ ਸਤਿਗੁਰੂ ਜੀ ਨੇ ਹੁਕਮ ਕੀਤਾ ਹੈ

*"ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥*
**(ਬਸੰਤ ਮ:੫, ਪੰਨਾ ੧੧੯੫)**

ਜੇ ਗੁਰੂ ਉਪਦੇਸ਼ਾਂ ਦੇ ਧਾਰਨੀ ਬਣਾਂਗੇ ਤਦ ਸਾਡਾ ਤਨ ਅਤੇ ਮਨ ਪਵਿੱਤਰ ਹੋ ਕੇ ਪਵਿੱਤਰ ਪ੍ਰੱਭੂ ਨਾਲ ਇੱਕ ਸੁਰ ਹੋ ਜਾਵੇਗਾ। ਜੇ ਅਸੀਂ ਅੰਮ੍ਰਿਤ ਵੇਲੇ ਉਠ ਕੇ **"ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ"** ਦੀ ਕਾਰ ਨਹੀਂ ਕਰਦੇ ਫਿਰ ਸਮਝ ਲੈਣਾ ਚਾਹੀਦਾ ਹੈ ਕਿ ਅਸੀਂ ਆਪਣੇ ਵਿਰਸੇ ਨਾਲੋਂ ਨਾਤਾ ਤੋੜਿਆ ਹੋਇਆ ਹੈ ਜੋ ਲਾਹੇਵੰਦ ਨਹੀਂ ਹੈ ਕਿਉਂਕਿ ਭਾਈ ਗੁਰਦਾਸ ਜੀ ਉਨ੍ਹਾਂ ਵਿਰਸਾ ਸੰਭਾਲੀ ਗੁਰਮੁਖਾਂ ਤੋਂ ਹੀ ਕੁਰਬਾਨ ਜਾਂਦੇ ਹਨ ਜੋ ਅੰਮ੍ਰਿਤ ਵੇਲੇ ਉੱਠ ਕੇ ਸਰੀਰ ਨੂੰ ਸਵੱਛ ਕਰਕੇ ਮਨ ਨੂੰ ਸਵੱਛ ਕਰਨ ਲਈ **"ਹੁਇ ਇਕ ਮਨਿ ਗੁਰ ਜਾਪੁ ਜਪੰਦੇ"** ਦੀ ਕਾਰ ਕਰਦੇ ਹਨ। ਆਪ ਜੀ ਦਾ ਫੁਰਮਾਨ ਹੈ —

*ਕੁਰਬਾਣੀ ਤਿਨ੍ਹਾਂ ਗੁਰਸਿਖਾਂ ਪਿਛਲ ਰਾਤੀ ਉਠਿ ਬਹੰਦੇ ॥*
*ਕੁਰਬਾਣੀ ਤਿਨਾ ਗੁਰ ਸਿਖਾ ਹੁਇ ਇਕ ਮਨਿ ਗੁਰ ਜਾਪੁ ਜਪੰਦੇ ॥*
**(ਵਾਰ ੧੨ ਪਉੜੀ ੨)**

## 7. ਸਾਡਾ ਵਿਰਸਾ ਹੈ : ਗੁਰੂ ਦਰਸਾਈ ਰਹਿਤ

ਸਾਡੇ ਸਰੀਰ ਅਤੇ ਆਤਮਾ ਨੂੰ ਵਿਕਾਰਾਂ ਦੀ ਮੈਲ ਤੋਂ ਬਚਾਉਣ ਲਈ ਸਤਿਗੁਰਾਂ ਨੇ ਸਾਨੂੰ ਰਹਿਣੀ ਅਤੇ ਰਹਿਤ ਦੀ ਦਾਤ ਬਖਸ਼ੀ ਹੈ। ਜਿਹੜਾ ਰਹਿਤ ਅਤੇ ਰਹਿਣੀ ਵਿੱਚ ਪ੍ਰਪੱਕ ਹੁੰਦਾ ਹੈ, ਉਸ ਦੇ ਸਰੀਰ ਅਤੇ ਆਤਮਾ ਉਤੇ ਵਿਕਾਰ ਜੋਰ ਨਹੀਂ ਪਾ ਸਕਦੇ। ਗਉੜੀ ਰਾਗ ਵਿੱਚ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ —

*ਰਹਤ ਰਹਤ ਰਹਿ ਜਾਹਿ ਬਿਕਾਰਾ ॥* **(ਪੰਨਾ : ੨੫੯)**

ਦੂਸਰੇ ਪੰਜ ਕਕਾਰੀ ਰਹਿਤ ਦੇ ਧਾਰਨੀ ਬਣਨਾ ਗੁਰੂ ਵਾਲੇ ਬਣਨ ਦੀ ਨਿਸ਼ਾਨੀ ਹੈ। ਜਿਵੇਂ ਪ੍ਰੋਫੈਸਰ ਪੂਰਨ ਸਿੰਘ ਜੀ ਨੇ ਲਿਖਿਆ ਹੈ ਕਿ ਕੋਈ ਅਲਪ-ਬੁੱਧੀ ਵਾਲਾ ਮਨੁੱਖ ਕਿਸੇ ਸੁਹਾਗਵੰਤੀ ਨੂੰ ਪੁਛੇ ਕਿ ਤੂੰ ਇਹ ਸ਼ਿੰਗਾਰ ਕਿਉਂ ਕੀਤਾ ਹੈ ? ਅਗੋਂ ਸੁਹਾਗਵੰਤੀ ਉੱਤਰ ਦਿੰਦੀ ਹੈ ਕਿ ਤੈਨੂੰ ਨਹੀਂ ਪਤਾ ਕਿ ਮੈਂ ਪਤੀ ਵਾਲੀ ਹਾਂ, ਮੈਂ ਸੁਹਾਗਵੰਤੀ ਹਾਂ। ਇਸੇ ਤਰ੍ਹਾਂ ਜੇ ਕੋਈ ਪੰਜ ਕਕਾਰੀ ਰਹਿਤ ਦੇ ਧਾਰਨੀ ਨੂੰ ਪੁੱਛੇ ਕਿ ਤੂੰ ਇਹ ਪੰਜ ਕਕਾਰ ਦੀ ਰਹਿਤ ਕਿਉਂ ਧਾਰਨ ਕੀਤੀ ਹੈ ? ਉਸ ਦਾ ਵੀ ਉਤਰ ਹੋਵੇਗਾ — ਮੈਂ ਗੁਰੂ ਵਾਲਾ ਹਾਂ। ਪੰਜ ਕਕਾਰ ਮੇਰੇ ਗੁਰੂ ਦੀਆਂ ਨਿਸ਼ਾਨੀਆਂ ਹਨ। ਇਨ੍ਹਾਂ ਪੰਜ ਕਕਾਰਾਂ ਵਿਚੋਂ ਮੈਨੂੰ ਮੇਰੇ ਗੁਰੂ ਦਾ ਜਲਵਾ ਜ਼ਹੂਰ ਦਰਸਨਾਉਂਦਾ ਹੈ। ਇਹ

ਪੰਜ ਕਕਾਰ ਮੇਰੀ ਜਿੰਦ-ਜਾਨ ਹਨ। ਪੰਜ ਕਕਾਰ ਸਾਨੂੰ ਸਤਿਗੁਰ ਜੀ ਨੇ ਵਿਰਸੇ ਵਿੱਚ ਬਖਸ਼ੇ ਹਨ। ਜੇ ਆਪਾਂ ਗੁਰੂ ਦੀਆਂ ਨਿਸ਼ਾਨੀਆਂ ਜੋ ਸਤਿਗੁਰ ਜੀ ਨੇ ਸਾਨੂੰ ਵਿਰਸੇ ਵਿੱਚ ਦਿੱਤੀਆਂ ਹਨ, ਉਨ੍ਹਾਂ ਨੂੰ ਪਿਆਰ ਸਹਿਤ ਸਰੀਰ ਨਾਲ ਸਾਂਭ ਰਖਿਆ ਹੈ, ਫਿਰ ਅਸੀਂ ਗੁਰੂ ਦੀ ਖੁਸ਼ੀ ਦੇ ਪਾਤਰ ਬਣਦੇ ਹਾਂ। ਜੇ ਗੁਰੂ ਦੀਆਂ ਵਿਰਸੇ ਵਿੱਚ ਮਿਲੀਆਂ ਨਿਸ਼ਾਨੀਆਂ ਰਹਿਤ ਦੇ ਚਿੰਨ੍ਹ ਧਾਰਨ ਕਰਨ ਤੋਂ ਅਸੀਂ ਢਿੱਲ ਵਰਤ ਰਹੇ ਹਾਂ ਅਤੇ ਸਾਨੂੰ ਰਹਿਤ ਰੱਖਣੀ ਚੰਗੀ ਨਹੀਂ ਲੱਗਦੀ, ਫਿਰ ਅਸੀਂ ਗੁਰੂ ਨੂੰ ਚੰਗੇ ਕਿਵੇਂ ਲਗਾਂਗੇ, ਕਿਉਂਕਿ ਸਤਿਗੁਰ ਜੀ ਦਾ ਫੁਰਮਾਨ ਹੈ —

***ਰਹਿਤ ਪਿਆਰੀ ਮੁਝ ਕੋ ਸਿਖ ਪਿਆਰਾ ਨਾਹਿ ॥***

ਅੱਜ ਵਿਚਾਰ ਕਰਕੇ ਪ੍ਰਣ ਕਰੀਏ ਕਿ ਆਪਣੇ ਭਲੇ ਲਈ ਗੁਰੂ ਦੀ ਖੁਸ਼ੀ ਨੂੰ ਪ੍ਰਾਪਤ ਕਰਨ ਵਾਸਤੇ ਅੰਮ੍ਰਿਤ ਛਕ ਕੇ ਰਹਿਤ ਅਤੇ ਰਹਿਣੀ ਦੇ ਧਾਰਨੀ ਬਣ ਕੇ ਆਪਣੇ ਵਿਰਸੇ ਦੇ ਵਾਰਸ ਬਣ ਜਾਈਏ।

## ੮. ਸਾਡਾ ਵਿਰਸਾ ਹੈ : "ਸਬਦੁ ਗੁਰੂ ਸੁਰਤਿ ਧੁਨਿ ਚੇਲਾ" ਦਾ

ਸਤਿਗੁਰ ਨਾਨਕ ਪਾਤਸ਼ਾਹ ਜੀ ਨੇ ਖੁਦ ਆਪ ਸ਼ਬਦ ਗੁਰੂ ਦੇ ਸਿਧਾਂਤ ਨੂੰ ਅਪਣਾਇਆ ਅਤੇ ਸ਼ਬਦ ਗੁਰੂ ਦੇ ਸਿਧਾਂਤ ਦਾ ਹੀ ਪ੍ਰਚਾਰ ਅਤੇ ਪ੍ਰਸਾਰ ਕੀਤਾ। ਜਦੋਂ ਸਿੱਧਾਂ ਨੇ ਸਤਿਗੁਰੂ ਜੀ ਨੂੰ ਪੁੱਛਿਆ

***"ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ"*** **(ਰਾਮਕਲੀ ਮ:੧, ਪੰਨਾ ੯੪੨)**

ਸਿੱਧਾਂ ਵਲੋਂ ਇਸ ਪ੍ਰਸ਼ਨ ਦੇ ਉੱਤਰ ਵਿੱਚ ਸਤਿਗੁਰ ਨਾਨਕ ਪਾਤਸ਼ਾਹ ਜੀ ਨੇ ਫੁਰਮਾਨ ਕੀਤਾ

***"ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥***
***ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥***

**(ਰਾਮਕਲੀ ਮ:੧, ਪੰਨਾ ੯੪੩)**

ਸਾਡਾ ਗੁਰੂ ਸ਼ਬਦ ਹੈ ਕਿਉਂਕਿ ਸਰੀਰ ਨਾਸ਼ਵੰਤ ਹੈ ਤੇ ਸ਼ਬਦ ਹੀ ਸਦੀਵੀਂ ਅਗਵਾਈ ਕਰਨ ਲਈ ਸਮਰੱਥ ਹੈ। ਇਸ ਲਈ ਸ਼ਬਦ ਗੁਰੂ ਨਾਲ ਹੀ ਜੁੜ ਕੇ ਲੋਕ ਸੁਖੀ ਤੇ ਪ੍ਰਲੋਕ ਸੁਹੇਲੇ ਕੀਤੇ ਜਾ ਸਕਦੇ ਹਨ। ਅੱਜ ਆਪਾਂ ਅਗਿਆਨਤਾ ਵਸ, ਸ਼ਬਦ ਗੁਰੂ ਦੇ ਸਿਧਾਂਤ ਨੂੰ ਅਪਨਾਉਣ ਦੀ ਥਾਂ, ਹੱਡ ਚੰਮ ਦੇ ਪੁਜਾਰੀ ਬਣਦੇ ਜਾ ਰਹੇ ਹਾਂ। ਇਹ ਕੁਰੀਤੀ ਬੜੀ ਤੇਜ਼ੀ ਨਾਲ ਵਧ ਰਹੀ ਹੈ। ਜੇ ਆਪਾਂ ਸ਼ਬਦ ਗੁਰੂ ਦੇ ਸਿਧਾਂਤਕ ਵਿਰਸੇ ਨਾਲੋਂ ਟੁੱਟ ਗਏ ਤਾਂ ਆਉਣ ਵਾਲੇ ਸਮੇਂ ਵਿੱਚ ਦੇਹ ਧਾਰੀ ਗੁਰੂਆਂ ਦੀ ਗਿਣਤੀ ਵਧ ਜਾਣੀ ਹੈ ਤੇ ਚੇਲਿਆਂ ਦੀ ਤਾਦਾਦ ਘਟ ਜਾਣੀ ਹੈ।



ਅੱਜ ਵਿਚਾਰਨ ਦੀ ਲੋੜ ਹੈ ਕਿ ਕਿਤੇ ਅਸੀਂ ਹੀ ਤਾਂ ਨਹੀਂ ਦੇਹ ਧਾਰੀ ਗੁਰੂਆਂ ਦੀ ਪੈਦਾਇਸ਼ ਵਿੱਚ ਵਾਧਾ ਕਰ ਰਹੇ ? ਜੇ ਇਸ ਕੁਰੀਤੀ ਵਿੱਚ ਭਾਈਵਾਲ ਹਾਂ ਤਾਂ ਇਸ ਪਾਪ ਕਰਮ ਤੋਂ ਬਚ ਜਾਣਾ ਚਾਹੀਦਾ ਹੈ ਅਤੇ ਸ਼ਬਦ ਗੁਰੂ ਦੇ ਸਿਧਾਂਤਕ ਅਮੀਰ ਵਿਰਸੇ ਨਾਲ ਜੁੜ ਜਾਣਾ ਚਾਹੀਦਾ ਹੈ।

## ੯. ਸਾਡਾ ਵਿਰਸਾ ਹੈ : ਜਾਗਤ ਜੋਤਿ ਜਪੈ ਨਿਸ ਬਾਸੁਰ

ਪ੍ਰਮਾਤਮਾ ਜੋਤ ਸਰੂਪ ਹੈ, ਅਸੀਂ ਵੀ ਜੋਤ ਸਰੂਪ ਪ੍ਰਭੂ ਦੀ ਅੰਸ਼ ਹਾਂ। ਸਾਹਿਬ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ —

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*** **(ਮ:੩ ਪੰਨਾ ੪੪੧)**
***ਕਹੁ ਕਬੀਰ ਇਹੁ ਰਾਮ ਕੀ ਅੰਸੁ ॥*** **(ਗੋਂਡ ਕਬੀਰ ਜੀ, ਪੰਨਾ ੮੭੧)**

ਜੋਤ ਸਰੂਪ ਦੇ ਨਾਲ ਜੁੜਨ ਵਾਸਤੇ ਜਾਗਤ ਜੋਤ ਦਾ ਹੀ ਜਾਪ ਕਰਕੇ ਜੋਤ ਸਰੂਪ ਨਾਲ ਜੁੜਿਆ ਜਾ ਸਕਦਾ ਹੈ। ਤਦ ਹੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਹਦਾਇਤ ਕੀਤੀ ਹੈ।

***ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾਂ ਮਨ ਨੈਕ ਨ ਆਨੈ ॥***
***ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜੀ ਮਟ ਭੂਲ ਨਾ ਮਾਨੈ ॥***
***ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ ॥***
***ਪੂਰਨ ਜੋਤ ਜਗੈ ਘਟ ਮੈ, ਤਬ ਖਾਲਸ ਤਾਹਿ ਨਖਾਲਸ ਜਾਨੈ ॥***

ਪਰ ਅੱਜ ਆਪਾਂ ਆਪਣੇ ਸਿੱਖੀ ਸਿਧਾਤਾਂ ਨੂੰ ਅੱਖੋਂ ਪਰੋਖੇ ਕਰਕੇ ਆਪਣੇ ਅਮੀਰ ਵਿਰਸੇ ਨਾਲੋਂ ਟੁੱਟ ਕੇ ਕਬਰਾਂ, ਮੜੀਆਂ, ਮੱਠਾਂ ਅਤੇ ਜਠੇਰਿਆਂ ਦੇ ਚੱਕਰ ਵਿੱਚ ਫਸ ਕੇ ਗੁਰੂ ਸਿਧਾਂਤ ਤੋਂ ਬੇ-ਮੁੱਖ ਹੋ ਕੇ ਆਪਣੇ ਲੋਕ ਪ੍ਰਲੋਕ ਨੂੰ ਨਾਸ਼ ਕਰਨ ਦੇ ਵਹਿਣ ਵਿੱਚ ਰੁੜ੍ਹ ਰਹੇ ਹਾਂ। ਗੁਰੂ ਘਰਾਂ ਦੀ ਉਸਾਰੀ ਵਿੱਚ ਅਜੇ ਢਿੱਲ ਮੱਠ ਕਰਦੇ ਹਾਂ। ਖੇਤਾਂ ਦੇ ਬਨਿਆਂ ਉੱਤੇ ਮਟੀਆਂ, ਪੀਰਾਂ ਦੇ ਤਕੀਏ ਅਤੇ ਜਠੇਰਿਆਂ ਦੇ ਅਸਥਾਨ ਬਣਾਉਣ ਲਈ ਅਸੀਂ ਬਹੁਤ ਉਤਾਵਲੇ ਹੋਏ ਪਏ ਹਾਂ। ਸਾਡੇ ਵਿੱਚ ਇਥੋਂ ਤੱਕ ਨਿਘਾਰ ਆ ਗਿਆ ਹੈ ਕਿ ਅਸੀਂ ਗੁਰੂ ਮਹਾਰਾਜ ਜੀ ਦਾ ਪਾਵਨ ਸਰੂਪ ਵੀ ਮੜੀਆਂ ਵਿੱਚ ਲਿਜਾਣ ਤੋਂ ਗੁਰੇਜ਼ ਨਹੀਂ ਕਰਦੇ। ਸਾਡੀ ਕੈਸੀ ਹਾਸੋ-ਹੀਣੀ ਦਸ਼ਾ ਬਣਦੀ ਜਾ ਰਹੀ ਹੈ। ਅੱਜ ਲੋੜ ਹੈ ਆਪਾ ਪੜਚੋਲ ਕੇ ਗੁਰੂ ਸਿਧਾਤਾਂ ਦੇ ਧਾਰਨੀ ਬਣਨ ਦੀ ਅਤੇ ਆਪਣੇ ਅਮੀਰ ਵਿਰਸੇ ਤੋਂ ਅਗਵਾਈ ਲੈਣ ਦੀ।

# 10. ਸਾਡਾ ਵਿਰਸਾ ਹੈ : ਨਾ ਕੋ ਬੈਰੀ ਨਹੀ ਬਿਗਾਨਾ

ਗੁਰਬਾਣੀ ਸਿੱਖਿਆ ਅਨੁਸਾਰ, ਸਾਰੀ ਕਾਇਨਾਤ ਵਿੱਚ ਪ੍ਰਮਾਤਮਾ ਨਿਵਾਸ ਕਰਦਾ ਹੈ ਅਤੇ ਸਾਰੀ ਕਾਇਨਾਤ ਪ੍ਰਮਾਤਮਾ ਵਿੱਚ ਓਤ-ਪੋਤ ਹੈ।

***ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥***
***ਮੰਦਾ ਕਿਸਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥***

**(ਮ:੫, ਪੰਨਾ ੧੩੮੧)**

ਜਿਨ੍ਹਾਂ ਸਾਡੇ ਪੁਰਖਿਆਂ ਨੂੰ ਗੁਰੂ ਦਰਸਾਈ ਅਸਲੀਅਤ ਦੀ ਸੋਝੀ ਪੈ ਗਈ, ਉਨ੍ਹਾਂ ਨੇ ਤਾਂ ਰਣ ਤੱਤੇ ਵਿੱਚ, ਬਿਨਾਂ ਵਿਤਕਰੇ ਸਭ ਨੂੰ ਜਲ ਛਕਾਇਆ ਅਤੇ ਮਰਹਮ-ਪੱਟੀ ਕੀਤੀ।

ਅੱਜ ਆਪਾਂ ਵੈਰੀਆਂ ਨੂੰ ਜਾਂ ਬੇਗਾਨਿਆਂ ਨੂੰ ਤਾਂ ਆਪਣੇ ਕੀ ਸਮਝਣਾ ਹੈ। ਅੱਜ ਤਾਂ ਭਰਾ-ਭਰਾ ਨੂੰ ਹੀ ਕਹਿਰੀ ਅੱਖ ਨਾਲ ਵੇਖ ਰਿਹਾ ਹੈ। ਸਿੱਖ ਹੀ ਸਿੱਖ ਦਾ ਦੁਸ਼ਮਣ ਬਣਿਆ ਬੈਠਾ ਹੈ, ਇੱਕ ਦੂਸਰੇ ਦੀ ਲੱਤ ਖਿਚਾਈ ਹੋ ਰਹੀ ਹੈ। ਹਰ ਪਾਸੇ ਸਵਾਰਥ ਪ੍ਰਧਾਨ ਹੋ ਗਿਆ ਹੈ। ਕਿਸੇ ਸਮੇਂ ਅਹਿਮਦ ਸ਼ਾਹ ਨੇ ਨਾਦਰ ਸ਼ਾਹ ਨੂੰ ਸਿੱਖਾਂ ਦੇ ਇਤਫਾਕ ਅਤੇ ਆਪਸੀ ਪਿਆਰ ਦਰਸਾਉਂਦੇ ਕਿਹਾ ਸੀ —

***ਹੈ ਇਨ ਮੇ ਇਤਫਾਕ ਮਹਾਨ ॥***
***ਸਿੰਘ ਸਿੰਘ ਪਰ ਵਾਰਤ ਪਰਾਨ ॥*** **(ਪੰਥ ਪ੍ਰਕਾਸ਼)**

ਪਰ ਅੱਜ ਜੋ ਕੌਮ ਦੀ ਅਧੋਗਤੀ ਹੋ ਰਹੀ ਹੈ, ਉਸ ਦਾ ਮੂਲ ਕਾਰਨ ਬੇ-ਇਤਫਾਕੀ ਹੈ। ਦਲਾਂ ਦੀ ਐਸੀ ਦਲਦਲ ਬਣੀ ਹੋਈ ਹੈ, ਹਰ ਦਲ ਵਾਲਾ ਖੁਦਗਰਜ਼ੀ ਦੀ ਦਲਦਲ ਵਿੱਚ ਨਿਘਰ ਰਿਹਾ ਹੈ। ਇੱਕ ਦੂਸਰੇ ਨੂੰ ਗਦਾਰ ਗਦਾਰ ਕਹਿ ਕੇ ਭੰਡਿਆ ਜਾ ਰਿਹਾ ਹੈ। ਸਤਿਗੁਰੂ ਜੀ ਨੇ ਤਾਂ ਦੁਸ਼ਮਣਾਂ ਨਾਲ ਵੀ ਮਿੱਤਰਾਂ ਵਾਲਾ ਪਿਆਰ ਕਰਨਾ ਸਿਖਾਇਆ ਸੀ, ਪਰ ਅਜ ਆਪਾਂ ਆਪਣਿਆਂ ਨਾਲ ਹੀ ਦੁਸ਼ਮਣਾਂ ਵਾਲਾ ਵਿਉਹਾਰ ਕਰਨ ਲੱਗ ਪਏ ਹਾਂ। ਜੋ ਬਹੁਤ ਹੀ ਖਤਰਨਾਕ ਹੈ। ਅੱਜ ਲੋੜ ਹੈ ਆਪਾ ਪੜਚੋਲਣ ਦੀ ਅਤੇ **"ਏਕੁ ਪਿਤਾ ਏਕਸ ਕੇ ਹਮ ਬਾਰਿਕ"** (ਮ:੫ **ਪੰਨਾ ੬੧੧)** ਬਣਕੇ ਆਪਣੇ ਸ਼ਾਨਦਾਰ ਵਿਰਸੇ ਦੀ ਪਾਲਣਾ ਕਰਨ ਦੀ।

# 11. ਸਾਡਾ ਵਿਰਸਾ ਹੈ : ਸੇਵਾ ਕਰਨੀ

ਸਤਿਗੁਰ ਜੀ ਨੇ ਸਾਨੂੰ ਵਿਰਸੇ ਵਿੱਚ ਸੇਵਾ ਦੀ ਦਾਤ ਬਖਸ਼ਿਸ਼ ਕਰਕੇ ਫੁਰਮਾਨ ਕੀਤਾ ਹੈ —



***ਵਿਚਿ ਦੁਨੀਆ ਸੇਵ ਕਮਾਈਐ ॥***
***ਤਾ ਦਰਗਹ ਬੈਸਣੁ ਪਾਈਐ ॥***
***ਕਹੁ ਨਾਨਕ ਬਾਹ [1]ਲੁਡਾਈਐ ॥੪॥੩੩॥***

**ਸਿਰੀ ਰਾਗੁ ਮ: ੧ ਘਰੁ ੫ (ਪੰਨਾ ੨੬)**

ਅਤੇ ਭਾਈ ਗੁਰਦਾਸ ਜੀ ਨੇ ਉਨ੍ਹਾਂ ਹੱਥਾਂ ਪੈਰਾਂ ਨੂੰ ਧ੍ਰਿਕਾਰ ਪਾਈ ਹੈ ਜੋ ਸੇਵਾ ਵਿਹੂਣੇ ਹਨ। ਆਪ ਜੀ ਨੇ **"ਵਿਣੁ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ" (ਵਾਰ ੨੭ ਪਉੜੀ ੧੦)** ਦਾ ਸਿਧਾਂਤ ਦੇ ਕੇ ਗੁਰੂ ਹੁਕਮਾਂ ਦੀ ਪ੍ਰੋੜ੍ਹਤਾ ਕੀਤੀ ਹੈ। ਸਤਿਗੁਰਾਂ ਨੇ ਨਿਰਾ ਕਿਹਾ ਹੀ ਨਹੀਂ, ਆਪਣੇ ਜੀਵਨ ਕਾਲ ਵਿੱਚ ਸਿਮਰਨ ਦੇ ਨਾਲ ਸੇਵਾ ਦੇ ਪੂਰਨੇ ਵਾਹ ਕੇ ਸੇਵਾ ਕਰਨ ਦੀ ਪ੍ਰੇਰਨਾ ਦਿੱਤੀ। ਅੱਜ ਆਪਾਂ ਨੂੰ ਸੋਚਣ ਦੀ ਲੋੜ ਹੈ ਕਿ ਆਪਾਂ ਕਿਤੇ ਸੇਵਾ ਨੂੰ ਸਜਾ ਤਾਂ ਨਹੀਂ ਸਮਝ ਲਿਆ। ਜੇ ਅਗਿਆਨਤਾਵਸ ਸੇਵਾ ਨੂੰ ਸਜ਼ਾ ਸਮਝ ਬੈਠੇ ਹਾਂ ਤਾਂ ਆਪਣੀ ਸੋਚਣੀ ਨੂੰ ਬਦਲ ਕੇ **"ਵਿਚਿ ਦੁਨੀਆ ਸੇਵ ਕਮਾਈਐ" (ਪੰਨਾ ੨੬)** ਦੇ ਧਾਰਨੀ ਬਣ ਕੇ ਸੇਵਾ ਦੇ ਸ੍ਰੇਸ਼ਟ ਗੁਣ ਨੂੰ ਆਪਣੇ ਜੀਵਨ ਵਿੱਚ ਧਾਰਨ ਦਾ ਯਤਨ ਕਰੀਏ। ਸਾਡੇ ਬਜ਼ੁਰਗਾਂ ਨੇ ਤਾਂ ਨਵਾਬੀ ਪ੍ਰਾਪਤ ਕਰਕੇ ਵੀ ਸੇਵਾ ਦਾ ਤਿਆਗ ਨਹੀਂ ਕੀਤਾ ਸੀ, ਸਗੋਂ ਸੰਗਤ ਦੀ ਅਤੇ ਸਿੰਘਾਂ ਦੇ ਘੋੜਿਆਂ ਦੀ ਸੇਵਾ ਕਰਨ ਦੀ ਸ਼ਰਤ ਅਧੀਨ ਹੀ ਨਵਾਬੀ ਸਵੀਕਾਰ ਕੀਤੀ ਸੀ। ਕੈਸਾ ਸੀ ਸਾਡਾ ਵਿਰਸਾ ਜਿਸ ਦੇ ਅਸੀਂ ਵਾਰਸ ਕਹਾਉਂਦੇ ਹਾਂ।

# 12. ਸਾਡਾ ਵਿਰਸਾ ਹੈ : ਸਰਬਤ ਦਾ ਭਲਾ ਮੰਗਣਾ

ਸੰਸਾਰ ਵੱਲ ਜਦੋਂ ਆਪਾਂ ਝਾਤ ਮਾਰਦੇ ਹਾਂ ਤਾ ਕੋਈ ਆਪਣੇ ਭਲੇ ਲਈ ਅਰਦਾਸ ਕਰਦਾ ਹੈ, ਕੋਈ ਆਪਣੇ ਪਰਿਵਾਰ ਦਾ ਭਲਾ ਮੰਗਦਾ ਹੈ, ਕੋਈ ਆਪਣੇ ਨਗਰ ਦਾ, ਪ੍ਰਾਂਤ ਦਾ ਭਲਾ ਮੰਗਦਾ ਹੈ। ਕੋਈ ਇਸ ਵਲਗਣ ਤੋਂ ਉਪਰ ਉੱਠ ਕੇ ਦੇਸ਼ ਦਾ ਭਲਾ ਮੰਗਦਾ ਹੈ। ਪਰ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੇ ਸਾਰੇ ਵਿਸ਼ਵ ਦੇ ਭਲੇ ਲਈ ਅਕਾਲ ਪੁਰਖ ਦੇ ਚਰਨਾਂ ਵਿੱਚ ਅਰਦਾਸ ਕਰਕੇ ਸਰਬਤ ਦਾ ਭਲਾ ਮੰਗਿਆ ਅਤੇ ਸਰਬਤ ਦਾ ਭਲਾ ਮੰਗਣ ਦੀ ਪ੍ਰੇਰਨਾ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ। ਆਪਾਂ ਸਾਹਿਬਾਂ ਦਾ ਬਚਨ ਪੜ੍ਹਦੇ ਹਾਂ —

***ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥***
***ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥***

**(ਸਲੋਕ ਮ: ੩ ਪੰਨਾ ੮੫੩)**

---

੧. ਬਾਂਹ ਹੁਲਾਰੀਏ (ਖੁਸ਼ੀ ਵਿਚ)

ਹੇ ਵਾਹਿਗੁਰੂ ! ਸਾਰਾ ਸੰਸਾਰ, ਈਰਖਾ, ਦਵੈਸ਼, ਪ੍ਰੇਸ਼ਾਨੀਆਂ ਵਿੱਚ ਦਿਨ ਰਾਤ ਸੜ ਰਿਹਾ ਹੈ, ਆਪ ਮਿਹਰ ਕਰਕੇ ਸਾਰੇ ਸੰਸਾਰ ਦੀ ਰਖਿਆ ਕਰੋ। ਜਿਸ ਢੰਗ ਤਰੀਕੇ ਨਾਲ ਵੀ ਕੋਈ ਬਚ ਸਕਦਾ ਹੈ, ਉਸੇ ਤਰੀਕੇ ਨਾਲ ਉਸ ਨੂੰ ਬਚਾ ਲਵੋ। ਸਤਿਗੁਰੂ ਅਰਜਨ ਦੇਵ ਜੀ ਨੇ ਵੀ ਪ੍ਰਭੂ ਦੇ ਚਰਨਾਂ ਵਿੱਚ ਸਰਬਤ ਦੇ ਭਲੇ ਲਈ ਅਰਦਾਸ ਕੀਤੀ ਜੋ ਪੜ੍ਹਨ ਯੋਗ ਹੈ —

***ਸਭੇ ਜੀਅ ਸਮਾਲਿ [੧]ਅਪਣੀ ਮਿਹਰ ਕਰੁ ॥***
***ਅੰਨ ਪਾਣੀ ਮੁਚੁ[੨] ਉਪਾਇ ਦੁਖ ਦਾਲਦੁ ਭੰਨਿ[੩] ਤਰੁ ॥***

**(ਸਲੋਕ ਮ:੫, ਪੰਨਾ ੧੨੫੧)**

ਜਦੋਂ ਆਪਾਂ ਆਪਣੀ ਅਰਦਾਸ ਦੇ ਵਿਰਸੇ ਵੱਲ ਹੀ ਝਾਤੀ ਮਾਰਦੇ ਹਾਂ, ਸਾਨੂੰ ਆਪਣੇ ਗੌਰਵਮਈ ਵਿਰਸੇ ਦਾ ਗਿਆਨ ਪ੍ਰਾਪਤ ਹੁੰਦਾ ਹੈ। ਸਿੱਖ ਜਦੋਂ ਗੁਰੂ ਚਰਨਾਂ ਵਿੱਚ ਅਰਦਾਸ ਕਰਦਾ ਹੈ, ਆਪਣੇ ਲਈ ਭਾਵੇਂ ਲੋਕ ਪਰਲੋਕ ਦੀਆਂ ਅਨੇਕਾਂ ਦਾਤਾਂ ਮੰਗੀ ਜਾਵੇ, ਆਪਣੇ ਪਰਿਵਾਰ ਦਾ ਭਲਾ ਮੰਗੀ ਜਾਵੇ, ਪਰ ਗੁਰਸਿਖ ਦੀ ਅਰਦਾਸ ਓਨਾ ਚਿਰ ਸੰਪੂਰਨ ਨਹੀਂ ਹੁੰਦੀ, ਜਿੰਨਾ ਚਿਰ **"ਨਾਨਕ ਨਾਮ ਚੜਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ"** ਸ਼ਬਦ ਨਹੀਂ ਕਹਿੰਦਾ।

## 13 . ਸਾਡਾ ਵਿਰਸਾ ਹੈ : ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ

ਗੁਰਮਤਿ ਵਿੱਚ ਅਖੌਤੀ ਜਾਤ ਪਾਤ ਨੂੰ ਕੋਈ ਥਾਂ ਨਹੀਂ।

ਸਾਡਾ ਵਿਰਸਾ ਤਾ ਹੈ ਜਾਤਾਂ ਪਾਤਾਂ ਦੀ ਮਨੂਵਾਦੀ ਸੋਚ ਤੋਂ ਉੱਪਰ ਉੱਠ ਕੇ, **"ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ॥" (ਆਸਾ ਮ:੧ ਪੰਨਾ ੩੪੯)** ਦੇ ਧਾਰਨੀ ਬਣਕੇ **"[੪]ਫਕੜ ਜਾਤੀ ਫਕੜੁ ਨਾਉ ॥ ਸਭਨਾ ਜੀਆ ਇਕਾ ਛਾਉ[੫] ॥" (ਮ:੧, ਪੰਨਾ ੮੩)** ਦੇ ਅਸੂਲ ਨੂੰ ਅਪਨਾਉਣਾ ਅਤੇ ਲੁਕਾਈ ਦੇ ਕੰਨਾਂ ਵਿੱਚ ਵੀ ਇਸ ਅਸਲੀਅਤ ਨੂੰ ਪਾਉਣਾ, ਕਿ ਜਾਤਾਂ ਪਾਤਾਂ ਦੀ ਨਫਰਤ ਦੀ ਪੰਡ ਤੁਸੀ ਫਜੂਲ ਚੁੱਕੀ ਹੋਈ ਹੈ, ਜਦ ਕਿ ਅਸਲੀਅਤ ਕੁਝ ਹੋਰ ਹੈ। ਅਸਲੀਅਤ ਹੈ :—

***ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥***
***ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧ ॥***
***ਲੋਗਾ ਭਰਮਿ ਨ ਭੂਲਹੁ ਭਾਈ ॥***
***ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥***

**(ਪ੍ਰਭਾਤੀ ਕਬੀਰ ਜੀ ਪੰਨਾ ੧੩੪੯)**

੧. ਸਾਰਿਆਂ ਦੀ ਸੰਭਾਲ ਕਰ ੨. ਬਹੁਤ ਜਿਆਦਾ ੩. ਦੁਖ ਦਲਿਦਰ, ਭੰਨ ਕੇ ਸਾਰਿਆਂ ਦਾ ਨਿਸਤਾਰਾ ਕਰ ਦਿਉ। ੪. ਫਜੂਲ (ਬਕਵਾਸ) ੫. ਆਸਰਾ



ਜਾਤਾਂ ਦੀਆਂ ਵੰਡੀਆਂ ਪਾ ਕੇ ਆਪਣੇ ਆਪ ਨੂੰ ਸਰਬ ਸ੍ਰੇਸ਼ਟ ਕਹਿਲਾਉਣ ਵਾਲੇ ਬ੍ਰਾਹਮਣਾਂ ਨੂੰ ਤਾਂ ਬਾਬਾ ਕਬੀਰ ਜੀ ਨੇ ਹੇਠ ਲਿਖੇ ਸ਼ਬਦਾਂ ਦੁਆਰਾ ਪੁਛ ਕੀਤੀ ਸੀ —

***ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥***
***ਤਉ ਆਨ ਬਾਟ[੧] ਕਾਹੇ ਨਹੀ ਆਇਆ ॥੨ ॥***
***ਤੁਮ ਕਤ ਬ੍ਰਾਹਮਣ ਹਮ ਕਤ ਸੂਦ[੨] ॥***
***ਹਮ ਕਤ ਲੋਹੂ ਤੁਮ ਕਤ ਦੂਧ ॥੩ ॥***
***ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥***
***ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥੪ ॥*** **(ਕਬੀਰ ਜੀ ਪੰਨਾ ੩੨੪)**

ਅੱਜ ਆਪਾਂ ਸਤਿਗੁਰਾਂ ਦੇ ਉਪਦੇਸ਼ ਨੂੰ ਭੁੱਲ ਕੇ ਅਸਲੀਅਤ ਤੋਂ ਕੋਹਾਂ ਦੂਰ ਜਾ ਚੁੱਕੇ ਹਾਂ। ਜਿਸ ਜਾਤ-ਪਾਤ ਦੇ ਚੱਕਰ ਵਿਚੋਂ ਸਤਿਗੁਰ ਜੀ ਨੇ ਸਾਨੂੰ ਕੱਢਿਆ ਸੀ, ਉਸੇ ਜਾਤਾਂ ਪਾਤਾਂ ਦੀ ਦਲਦਲ ਵਿੱਚ ਅਸੀਂ ਮੁੜ ਫਸ ਗਏ ਹਾਂ। ਆਪਾਂ ਜਾਤਾਂ ਪਾਤਾਂ ਦੀ ਛੱਟ ਲਾਹੁਣ ਦੀ ਥਾਂ ਇਸ ਨੂੰ ਹੋਰ ਭਾਰਾ ਕਰ ਲਿਆ ਹੈ। ਜਾਤਾਂ ਬਿਰਾਦਰੀਆਂ ਨੇ ਨਾਉਂ ਉੱਤੇ ਅਸੀਂ ਗੁਰੂ ਘਰਾਂ ਦੀ ਉਸਾਰੀ ਕਰਕੇ, ਜਾਤ ਬਿਰਾਦਰੀ ਦੀਆਂ ਵਲਗਣਾਂ ਹੋਰ ਸੌੜੀਆਂ ਕਰ ਲਈਆਂ ਹਨ, ਜੋ ਬਹੁਤ ਹੀ ਖਤਰਨਾਕ ਰੁਝਾਨ ਬਣਦਾ ਜਾ ਰਿਹਾ ਹੈ। ਅੱਜ ਲੋੜ ਹੈ ਦਸ਼ਮੇਸ਼ ਪਿਤਾ ਜੀ ਦੇ ਨਾਹਰੇ

***ਮਾਨਸਕ ਕੀ ਜਾਤ ਸਬੈ ਏਕੈ ਪਹਿਚਾਨਬੋ ॥***

ਨੂੰ ਖੁਦ ਅਮਲੀ ਜਾਮਾ ਪਹਿਨਾਈਏ ਅਤੇ ਲੁਕਾਈ ਨੂੰ ਇਸ ਮਾਰਗ ਉਤੇ ਤੋਰਨ ਲਈ ਪ੍ਰੇਰਨਾ ਦੇਈਏ। ਤਦ ਹੀ ਅਸੀਂ ਆਪਣੇ ਵਿਰਸੇ ਨਾਲ ਜੁੜ ਸਕਾਂਗੇ।

## 14 . ਸਾਡਾ ਵਿਰਸਾ ਹੈ : ਪਰਾਏ ਹੱਕ ਤੋਂ ਬਚਣਾ

ਸਾਡਾ ਵਿਰਸਾ ਸੀ ਦਸਾਂ ਨੌਹਾਂ ਦੀ ਕਿਰਤ ਕਰਨੀ, ਵੰਡ ਕੇ ਛਕਣਾ ਅਤੇ ਪਰਾਏ ਹੱਕ ਤੋਂ ਗੁਰੇਜ਼ ਕਰਨਾ। ਸਾਨੂੰ ਸਤਿਗੁਰਾਂ ਨੇ ਸਿੱਖਿਆ ਦਿੱਤੀ ਸੀ ਕਿ, **"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥ ਸਲੋਕ ਮ:੧ (ਪੰਨਾ ੧੪੧)** ਅੱਜ ਆਪਾਂ ਸੋਚਣਾ ਹੈ ਕਿ ਕਿਤੇ ਅਸੀਂ ਪਰਾਏ ਹੱਕ ਉਤੇ ਆਪਣਾ ਅਧਿਕਾਰ ਜਾਣ ਕੇ **"ਵਢੀ ਲੈ ਕੇ ਹਕ ਗਵਾਈ"** ਦੀ ਕਾਰ ਕਰਕੇ, ਗੁਰੂ ਵਿਰਸੇ ਨਾਲੋਂ ਟੁੱਟ ਤਾਂ ਨਹੀਂ ਰਹੇ ? ਜੇ ਇਹੋ ਜੇਹੀ ਢਿਲਿਆਈ

੧. ਰਸਤੇ ੨ ਸ਼ੂਦਰ

ਆਈ ਹੈ ਤਾਂ ਤੁਰੰਤ ਉਸ ਵੱਲ ਧਿਆਨ ਦੇ ਕੇ ਦੂਰ ਕਰਨ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ ਅਤੇ ਆਪਣੀ ਪ੍ਰਾਲਬਧ ਉਤੇ ਸ਼ਾਕਰ ਰਹਿ ਕੇ ਆਪਣੇ ਵਿਰਸੇ ਦੀਆਂ ਸ਼ਾਨਦਾਰ ਰਵਾਇਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

## 15. ਸਾਡਾ ਵਿਰਸਾ ਹੈ : ਸਚੁ ਆਚਾਰੁ

ਸਤਿਗੁਰ ਜੀ ਨੇ ਸਾਨੂੰ ਆਪਣੇ ਵਿਰਸੇ **"ਉਚ ਆਚਰਣ"** ਦੇ ਧਾਰਨੀ ਬਣਨ ਲਈ ਸੇਧ ਦੇ ਕੇ ਫੁਰਮਾਇਆ ਸੀ ਕਿ, **"ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ" (ਸਿਰੀ ਰਾਗੁ ਮ: ੧ ਪੰਨਾ ੬੨)** ਸਚੁ ਆਚਾਰੁ ਨੂੰ ਪ੍ਰਾਪਤ ਕਰਨ ਵਾਸਤੇ ਸੇਧ ਦਿੱਤੀ ਸੀ ਕਿ **"ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ"** (ਮ: ੫) **ਪੰਨਾ ੨੭੪** ਅਤੇ **"ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ" (ਵਾਰ ੨੯ ਪਉੜੀ ੧੧)** ਦੇ ਧਾਰਨੀ ਬਣ ਕੇ ਹੀ ਸੱਚ ਆਚਾਰ ਪ੍ਰਾਪਤ ਕੀਤਾ ਜਾ ਸਕਦਾ ਹੈ। ਕੀ ਅੱਜ ਆਪਾਂ ਆਪਣੀ ਦ੍ਰਿਸ਼ਟੀ ਵਿੱਚ ਪਵਿਤ੍ਰਤਾ ਲੈ ਆਂਦੀ ਹੈ ਅਤੇ **"ਦਿਸਟਿ ਬਿਕਾਰੀ ਬੰਧਨਿ ਬਾਂਧੈ ਹਉ ਤਿਸ ਕੈ ਬਲਿ ਜਾਈ॥" (ਪ੍ਰਭਾਤੀ ਮ: ੧, ਪੰਨਾ ੧੩੨੯)** ਦੇ ਧਾਰਨੀ ਬਣ ਗਏ ਹਾਂ ? ਜੇ ਇਹੋ ਜੇਹੇ ਉੱਚ ਆਚਰਣ ਵਿਰਸੇ ਦੇ ਧਾਰਨੀ ਹਾਂ, ਤਾਂ ਫਿਰ ਐਸੇ ਗੁਰਸਿਖ ਤੋਂ ਭਾਈ ਗੁਰਦਾਸ ਜੀ ਬਲਿਹਾਰ ਜਾਂਦੇ ਹਨ। **"ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ॥ (ਵਾਰ ੧੨ ਪਉੜੀ ੮)** ਜੇ **"ਦਿਸਟਿ ਬਿਕਾਰੀ ਬੰਧਨਿ ਬਾਂਧੈ॥" (ਪੰਨਾ ੧੩੨੯)** ਦੀ ਬਿਰਤੀ ਨਹੀਂ ਬਣੀ ਫਿਰ ਆਪਾਂ ਆਪਣੇ ਵਿਰਸੇ ਤੋਂ ਕੋਹਾਂ ਦੂਰ ਹਾਂ। ਗੁਰੂ ਓਟ, ਗੁਰੂ ਅਗਵਾਈ ਲੈ ਕੇ ਆਪਣੇ ਉੱਚ ਆਚਰਣ ਵਿਰਸੇ ਨਾਲ ਜੁੜਨ ਲਈ ਯਤਨਸ਼ੀਲ ਹੋਈਏ।

## 16. ਸਾਡਾ ਵਿਰਸਾ ਹੈ : ਮਾਤ ਬੋਲੀ ਨਾਲ ਪਿਆਰ ॥

ਬੋਲੀ ਆਪਣੇ ਧੁਰ ਅੰਦਰ ਦੇ ਵਲਵਲਿਆਂ ਨੂੰ ਪ੍ਰਗਟ ਕਰਨ ਦਾ ਇਕ ਸਾਧਨ ਹੈ। ਹਰ ਦੇਸ਼, ਹਰ ਕੌਮ ਦੇ ਵਲਵਲਿਆਂ ਅਤੇ ਭਾਵਾਂ ਨੂੰ ਦੂਸਰੀ ਬੋਲੀ ਵਿੱਚ ਸੰਪੂਰਨ ਤੌਰ ਤੇ ਪ੍ਰਗਟ ਨਹੀਂ ਕੀਤਾ ਜਾ ਸਕਦਾ। ਜੇ ਕੋਈ ਯਤਨ ਕਰਦਾ ਵੀ ਹੈ, ਉਸ ਨੂੰ ਪੂਰਨ ਸਫ਼ਲਤਾ ਨਹੀਂ ਮਿਲਦੀ। ਸਾਡੇ ਸਤਿਗੁਰਾਂ ਅਤੇ ਭੱਟਾਂ ਨੇ, ਬ੍ਰਹਮ ਦੇ ਗਿਆਨ ਨੂੰ ਜੋ ਅੱਖਰਾਂ ਦੀ ਬੰਦਸ਼ ਤੋਂ ਵੀ ਪਰੇ ਹੈ, ਉਸ ਨਿਰੰਕਾਰ ਦੇ ਗਿਆਨ ਨੂੰ ਤਰ੍ਹਾਂ-ਤਰ੍ਹਾਂ ਦੇ ਅਲੰਕਾਰ ਵਰਤ ਕੇ ਸਾਡੀ ਹੀ ਮਾਤ ਬੋਲੀ ਵਿੱਚ ਸਾਨੂੰ ਬਖਸ਼ਸ਼ ਕੀਤਾ। ਔਖੀ ਬੋਲੀ ਨੂੰ ਇਸ ਕਰਕੇ ਨਹੀਂ ਪ੍ਰਵਾਨਿਆ, ਕਿਉਂਕਿ ਉਲਥਾ ਕਰਦਿਆਂ ਮਿਲਾਵਟ ਹੋਣ ਦਾ ਖਦਸ਼ਾ ਸੀ।



ਅੱਜ ਆਪਾਂ ਸਤਿਗੁਰਾਂ, ਭਗਤਾਂ ਵਲੋਂ ਪ੍ਰਵਾਨੀ ਆਪਣੀ ਹੀ ਮਾਤ ਭਾਸ਼ਾ ਨੂੰ ਨਫਰਤ ਕਰਨ ਲੱਗ ਪਏ ਹਾਂ। ਆਪਣੇ ਘਰ ਅੰਦਰ ਹੀ ਆਪਣੇ ਪਰਿਵਾਰ ਅਤੇ ਬਚਿਆਂ ਨਾਲ ਆਪਣੀ ਮਾਤ ਭਾਸ਼ਾ ਪੰਜਾਬੀ ਵਿੱਚ ਗੱਲ-ਬਾਤ ਕਰਨ ਤੋਂ ਝਿਜਕ ਰਹੇ ਹਾਂ। ਹਿੰਦੀ ਅਤੇ ਅੰਗਰੇਜ਼ੀ ਬੋਲਣ ਵਿੱਚ ਫਖਰ ਮਹਿਸੂਸ ਕਰਦੇ ਹਾਂ। ਸਾਡੀ ਮਾਨਸਕ ਦਸ਼ਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਥਨ ਵਾਲੀ ਹੋ ਚੁੱਕੀ ਹੈ।

***ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥੬॥***

**ਬਸੰਤ ਮ:੧, ਪੰਨਾ ੧੧੯੧**

ਵੱਧ ਤੋਂ ਵੱਧ ਬੋਲੀਆਂ ਦਾ ਗਿਆਨ ਹੋਣਾ ਚਾਹੀਦਾ ਹੈ, ਪਰ ਆਪਣੀ ਮਾਤ ਬੋਲੀ ਨਾਲੋਂ ਰਿਸ਼ਤਾ ਤੋੜਨਾ ਆਪਣੇ ਵਿਰਸੇ ਨਾਲੋਂ ਰਿਸ਼ਤਾ ਤੋੜਨ ਵਾਲੀ ਗੱਲ ਹੈ। ਵਿਰਸੇ ਨਾਲੋਂ ਟੁੱਟਿਆ ਮਨੁੱਖ ਨਾ ਘਰ ਦਾ ਰਹਿੰਦਾ ਹੈ, ਨਾ ਘਾਟ ਦਾ। ਇਸ ਲਈ ਆਪਣੇ ਵਿਰਸੇ ਦੀ ਸੰਭਾਲ ਕਰਨ ਅਤੇ ਆਪਣੇ ਵਿਰਸੇ ਨਾਲ ਜੁੜੇ ਰਹਿਣ ਲਈ, ਅੱਜ ਆਪਾਂ ਨੂੰ ਬੜੇ ਮਾਣ ਦੇ ਨਾਲ ਆਪਣੀ ਮਾਤ ਬੋਲੀ ਨੂੰ ਸਤਕਾਰਿਤ ਥਾਂ ਜਰੂਰ ਦੇਣੀ ਹੋਵੇਗੀ। ਨਾ ਦੇਵਾਂਗੇ ਤਾਂ ਆਪਣੇ ਵਿਰਸੇ ਨਾਲੋਂ ਟੁੱਟ ਜਾਵਾਂਗੇ।

## 17. ਸਾਡਾ ਵਿਰਸਾ ਹੈ : ਕੁਦਰਤ ਨਾਲ ਇਕਸੁਰਤਾ

ਸਿੱਖ ਦਾ ਕੁਦਰਤ ਨਾਲ ਬਹੁਤ ਹੀ ਗੂੜ੍ਹਾ ਸਬੰਧ ਹੈ। ਸਿੱਖ ਨੇ ਕੁਦਰਤ ਵਿਚੋਂ ਹੀ ਕਾਦਰ ਨੂੰ ਵੇਖਣਾ ਹੈ। ਇਹ ਸਾਰੀ ਕੁਦਰਤ ਕਾਦਰ ਦੀ ਹੈ, ਸਾਰੀ ਕਾਇਨਾਤ ਵਿੱਚ ਕਾਦਰ ਦਾ ਨਿਵਾਸ ਹੈ। ਕੁਦਰਤ ਅਤੇ ਕਾਦਰ ਓਤ-ਪੋਤ ਹਨ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਦੀ ਜਾ ਫੁਰਮਾਨ ਹੈ।

***ਬਲਿਹਾਰੀ ਕੁਦਰਤਿ ਵਸਿਆ॥***
***ਤੇਰਾ ਅੰਤੁ ਨ ਜਾਈ ਲਖਿਆ॥੧॥*** **(ਸਲੋਕ ਮ:੧ ਪੰਨਾ ੪੬੯)**
***ਕੁਦਰਤਿ ਕਰਿ[1] ਕੈ ਵਸਿਆ ਸੋਇ॥*** **(ਸਿਰੀ ਰਾਗੁ ਮ: ੧, ਪੰਨਾ ੮੩)**

ਮਨੁੱਖ ਦਾ ਸਾਰਾ ਜੀਵਨ ਕੁਦਰਤ ਦੇ ਅਨੁਸਾਰੀ ਹੈ। ਜੇ ਮਨੁੱਖ ਕੁਦਰਤ ਤੋਂ ਉਲਟ ਚਲੇਗਾ, ਆਪਣੀ ਮਨਮਾਨੀ ਕਰਕੇ ਕੁਦਰਤ ਨਾਲ ਖਿਲਵਾੜ ਕਰੇਗਾ, ਫਿਰ ਮਨੁੱਖ ਨੂੰ ਤਬਾਹੀ ਦੇ ਰੂਪ ਵਿੱਚ ਮਨਮਾਨੀ ਕਰਨ ਦੇ ਸਿੱਟੇ ਭੁਗਤਣੇ ਪੈਣਗੇ। ਅੱਜ ਮਨੁੱਖ ਕੁਦਰਤੀ ਜੀਵਨ ਜਿਊਣ ਦੇ ਢੰਗ ਤਰੀਕੇ ਨੂੰ ਤਿਲਾਂਜਲੀ ਦੇ ਰਿਹਾ ਹੈ ਅਤੇ ਮਨਸੂਈ ਜੀਵਨ ਜਿਊਣ ਨੂੰ ਤਰਜੀਹ ਦੇ ਰਿਹਾ ਹੈ। ਜਿਸ ਕਾਰਣ ਸੁਖ ਸ਼ਾਂਤੀ ਦੀ

---

੧. ਕੁਦਰਤ ਨੂੰ ਬਣਾ ਕੇ ਕਾਦਰ ਉਸ ਵਿੱਚ ਵਸ ਗਿਆ ਹੈ

ਥਾਂ, ਮਨੁੱਖੀ ਜੀਵਨ ਵਿੱਚ ਪ੍ਰੇਸ਼ਾਨੀਆਂ ਹੀ ਪ੍ਰੇਸ਼ਾਨੀਆਂ ਘਰ ਕਰ ਗਈਆਂ ਹਨ। ਅੱਜ ਮਨੁੱਖ ਕਾਦਰ ਦੀ ਕੁਦਰਤ ਨੂੰ ਕੱਟ ਵੱਢ ਕੇ ਅਤੇ ਅਨੇਕ ਤਰ੍ਹਾਂ ਦੇ ਕੈਮੀਕਲਾਂ ਨਾਲ ਕੁਦਰਤੀ ਵਾਤਾਵਰਣ ਨੂੰ ਬੜੀ ਤੇਜ਼ੀ ਨਾਲ ਖਰਾਬ ਕਰਕੇ ਆਪਣੇ ਜੀਵਨ ਲਈ ਹੀ ਖਤਰੇ ਪੈਦਾ ਕਰ ਰਿਹਾ ਹੈ। ਜਿਸ ਦੇ ਫਲਸਰੂਪ, ਬੇ-ਮੌਸਮੀ ਬਾਰਸ਼, ਬੇ-ਮੌਸਮੀ ਗਰਮੀ ਅਤੇ ਸਰਦੀ ਅਤੇ ਕੁਦਰਤੀ ਆਫਤਾਂ ਦੇ ਜੋਖਮ ਝਲਣੇ ਪੈ ਰਹੇ ਹਨ। ਅੱਜ ਲੋੜ ਹੈ ਆਪ ਆਪਣੇ ਵਿਰਸੇ ਦੀ ਕੁਦਰਤ ਨਾਲ ਸਾਂਝ ਪਾ ਕੇ ਕੁਦਰਤ ਅਨੁਸਾਰੀ ਹੋ ਕੇ ਚਲੀਏ ਅਤੇ ਕੁਦਰਤ ਵਿਚੋਂ ਹੀ ਕਾਦਰ ਦੇ ਦਰਸ਼ਨ ਕਰਨ ਲਈ ਯਤਨਸ਼ੀਲ ਹੋਈਏ।

## 18 . ਸਾਡਾ ਵਿਰਸਾ ਹੈ : ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ

ਪਵਣ, ਪਾਣੀ ਅਤੇ ਧਰਤੀ ਇਹ ਸਾਡੇ ਸਰੀਰ ਦੇ ਜੀਵਨ ਦਾਤੇ ਹਨ। ਇਨ੍ਹਾਂ ਵਿਚੋਂ ਇਕ ਦੀ ਅਣਹੋਂਦ ਵੀ ਸਾਡੇ ਜੀਵਨ ਨੂੰ ਨਸ਼ਟ ਕਰ ਦਿੰਦੀ ਹੈ। ਜਿੰਨੇ ਪਵਣ, ਪਾਣੀ ਅਤੇ ਧਰਤੀ ਸਾਡੇ ਜੀਵਨ ਦਾਤੇ ਪਵਿੱਤਰ ਹੋਣਗੇ, ਉਨਾਂ ਹੀ ਸਾਡਾ ਜੀਵਨ ਸਵੱਛ ਅਤੇ ਤੰਦਰੁਸਤ ਹੋਵੇਗਾ। ਇਸੇ ਲਈ ਹੀ ਸਤਿਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਦੀ ਪਵਿੱਤ੍ਰਤਾ ਨੂੰ ਦਰਸਾਉਣ ਲਈ ਪਉਣ ਨੂੰ ਗੁਰੂ ਦਾ, ਪਾਣੀ ਨੂੰ ਪਿਤਾ ਦਾ ਅਤੇ ਧਰਤੀ ਨੂੰ ਮਾਤਾ ਦਾ ਦਰਜਾ ਪ੍ਰਦਾਨ ਕੀਤਾ ਹੈ। ਸਾਹਿਬਾਂ ਦਾ ਬਚਨ ਹਰ ਰੋਜ਼ ਆਪਾਂ ਪੜ੍ਹਦੇ ਹਾਂ —

***ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ*** **(ਜਪੁਜੀ ਪੰਨਾ ੮)**

ਕੀ ਆਪਾਂ ਇਨ੍ਹਾਂ ਦੀ ਪਵਿਤ੍ਰਤਾ ਕਾਇਮ ਰੱਖਣ ਲਈ ਕੋਈ ਉਦਮ ਕੀਤਾ ਹੈ? ਜੇ ਕੀਤਾ ਹੈ, ਤਦ ਆਪਣਾ ਹੀ ਭਲਾ ਕੀਤਾ ਹੈ।

ਜੇ ਪਵਿਤ੍ਰ ਕਰਨ ਦੀ ਥਾਂ ਪਾਣੀ ਨੂੰ, ਹਵਾ ਨੂੰ ਅਤੇ ਧਰਤੀ ਨੂੰ, ਗੈਸਾਂ, ਧੂਏਂ ਅਤੇ ਕੈਮੀਕਲਾਂ, ਗੰਦੇ ਪਾਣੀਆਂ ਨਾਲ ਪ੍ਰਦੂਸ਼ਿਤ ਹੀ ਕੀਤਾ ਹੈ, ਤਾਂ ਫਿਰ ਕਿਸੇ ਨਾਲ ਨਹੀਂ ਅਸੀਂ ਆਪਣੇ ਆਪ ਨਾਲ ਹੀ ਵੈਰ ਕਮਾਇਆ ਹੈ। ਕਿਉਂਕਿ ਇਸ ਪ੍ਰਦੂਸ਼ਿਤ ਹਵਾ ਵਿੱਚ ਅਸੀਂ ਹੀ ਸਾਹ ਲੈਣਾ ਹੈ। ਇਸ ਪਾਣੀ ਨੂੰ ਅਸੀਂ ਹੀ ਪੀਣਾ ਹੈ। ਇਸ ਧਰਤੀ ਉਤੇ ਅਸੀਂ ਹੀ ਨਿਵਾਸ ਕਰਨਾ ਹੈ। ਇਨ੍ਹਾਂ ਬੇ-ਪ੍ਰਵਾਹੀਆਂ ਕਾਰਣ ਹੀ ਸਾਡੇ ਵਾਤਾਵਰਣ ਵਿੱਚ ਅਨੇਕ ਤਰ੍ਹਾਂ ਦੀਆਂ ਬੀਮਾਰੀਆਂ ਦੇ ਕੀਟਾਣੂ ਪੈਦਾ ਹੋ ਗਏ ਹਨ, ਕੈਮੀਕਲਾਂ ਵਾਲੀ ਖੁਰਾਕ ਦੁਆਰਾ ਅਨੇਕ ਤਰ੍ਹਾਂ ਦੇ ਅਸਾਧ ਰੋਗ ਸਹੇੜ ਲਏ ਹਨ।

ਅੱਜ ਲੋੜ ਹੈ, ਆਪਣੇ ਸਤਿਗੁਰਾਂ ਪਾਸੋਂ ਅਗਵਾਈ ਲੈ ਕੇ, ਪਉਣ, ਪਾਣੀ, ਧਰਤੀ ਦੇ ਰਖਵਾਲੇ ਬਣੀਏ। ਆਪੋ ਆਪਣੇ ਵਿੱਤ ਅਨੁਸਾਰ ਇਨ੍ਹਾਂ ਨੂੰ ਪਵਿਤ੍ਰ



ਰੱਖਣ ਵਿੱਚ ਆਪਣਾ ਯੋਗਦਾਨ ਪਾਈਏ। ਜਦੋਂ ਅਸੀਂ ਕੁਦਰਤ ਦੇ ਵਿਰਸੇ ਨੂੰ ਸਾਂਭਾਂਗੇ, ਕੁਦਰਤ ਸਾਡੀ ਰਖਵਾਲੀ ਕਰੇਗੀ। ਅੱਜ ਲੋੜ ਹੈ ਆਪਣੇ ਪਉਣ ਪਾਣੀ, ਧਰਤੀ ਦੇ ਵਿਰਸੇ ਨੂੰ ਸੰਭਾਲਣ ਦੀ।

## 19 . ਸਾਡਾ ਵਿਰਸਾ ਹੈ : ਤਿਆਗ

ਕੈਸੇ ਸਨ ਸਾਡੇ ਬਜ਼ੁਰਗ! ਜੰਗਲਾਂ ਵਿੱਚ ਵਿਚਰਦੇ, ਘੋੜਿਆਂ ਦੀਆਂ ਕਾਠੀਆਂ ਉਤੇ ਨੰਗੇ ਧੜ, ਇਕ-ਇਕ ਭੂਰੇ ਨਾਲ ਸਮਾਂ ਬਤੀਤ ਕਰਦੇ ਵੀ ਸਬਰ ਸੰਤੋਖ ਵਿੱਚ ਰਹਿ ਕੇ ਆਪਣੇ ਆਪ ਨੂੰ ਸ਼ਹਿਨਸ਼ਾਹ ਕਹਿੰਦੇ ਸਨ —

*"ਕਾਣ ਨ ਕਾਹੂ ਕੀ ਇਹ ਰਾਖਤ ॥*
*ਸ਼ਹਿਨਸ਼ਾਹ ਖੁਦ ਹੀ ਕੋ ਲਾਖਤ ॥* **(ਪੰਥ ਪ੍ਰਕਾਸ਼)**

ਕਿਹੋ ਜੇਹਾ ਸਾਡਾ ਅਮੀਰ ਵਿਰਸਾ ਸੀ ਕਿ ਨਵਾਬੀਆਂ ਵੀ ਸਿੱਖਾਂ ਦੇ ਜੋੜਿਆਂ ਵਿੱਚ ਰੁੱਲਦੀਆਂ ਸਨ। ਕੋਈ ਨਵਾਬ ਬਣਨ ਨੂੰ ਵੀ ਤਿਆਰ ਨਹੀਂ ਸੀ ਹੁੰਦਾ, ਸੋਚਣ ਦੀ ਲੋੜ ਹੈ, ਅੱਜ ਅਜੋਕਾ ਸਿੱਖ ਛੋਟੇ ਛੋਟੇ ਅਹੁਦਿਆਂ ਲਈ ਆਪਣੀ ਆਨ ਸ਼ਾਨ ਅਤੇ ਸਤ ਸੰਤੋਖ ਨੂੰ ਇਕ ਪਾਸੇ ਰੱਖ ਕੇ ਛੋਟੀਆਂ-ਛੋਟੀਆਂ ਪਦਵੀਆਂ ਲਈ ਕਿਉਂ ਲਲਚਾਇਆ ਫਿਰਦਾ ਹੈ ? ਇਹ ਸਭ ਆਪਣੇ ਵਿਰਸੇ ਨਾਲੋਂ ਟੁੱਟਣ ਦੀਆਂ ਹੀ ਨਿਸ਼ਾਨੀਆਂ ਹਨ। ਅੱਜ ਲੋੜ ਹੈ ਆਪਣੇ ਵਿਰਸੇ ਨਾਲ ਜੁੜ ਕੇ ਤਿਆਗ ਦੀ ਭਾਵਨਾ ਨੂੰ ਪ੍ਰਚੰਡ ਕਰਨ ਦਾ ਯਤਨ ਕਰੀਏ। ਤਦ ਹੀ ਅਸੀਂ ਆਪਣੇ ਵਡੇਰਿਆਂ ਦੇ ਵਾਰਸ ਕਹਾਉਣ ਦੇ ਹੱਕਦਾਰ ਹਾਂ।

## 20 . ਸਾਡਾ ਵਿਰਸਾ ਹੈ : ਸੱਚੇ ਅਮਲੀ ਬਣਨ ਦਾ

ਸੰਸਾਰ ਦੇ ਵਿੱਚ ਦੋ ਤਰ੍ਹਾਂ ਦੇ ਨਸ਼ੇ ਹਨ, ਇਕ ਉਹ ਨਸ਼ੇ ਹਨ ਜੋ ਸਰੀਰ ਦਾ ਵੀ ਨਾਸ਼ ਕਰਦੇ ਹਨ, ਬੁੱਧੀ ਦੇ ਵੀ ਵਿਨਾਸ਼ਕ ਬਣਦੇ ਹਨ। ਧਨ ਅਤੇ ਇੱਜ਼ਤ ਨੂੰ ਵੀ ਮਿੱਟੀ ਵਿੱਚ ਰੋਲ ਕੇ ਮਨੁੱਖ ਨੂੰ ਸਮਾਜਿਕ ਅਤੇ ਇਖਲਾਕੀ ਕੰਗਾਲੀ ਦਾ ਸ਼ਿਕਾਰ ਬਣਾ ਦਿੰਦੇ ਹਨ। ਜਿਨ੍ਹਾਂ ਨੂੰ ਸਤਿਗੁਰੂ ਜੀ ਨੇ ਛੂਛੇ ਅਤੇ ਝੂਠੇ ਨਸ਼ੇ ਲਿਖਿਆ ਹੈ। ਇਕ ਉਹ ਨਸ਼ਾ ਹੈ ਜੋ ਸਰੀਰ ਅਤੇ ਬੁੱਧੀ ਨੂੰ ਸੁਚੇਤਤਾਈ ਬਖਸ਼ਦਾ ਹੈ, ਸਮਾਜ ਅਤੇ ਸੰਸਾਰ ਵਿੱਚ ਮਾਣ ਸਤਿਕਾਰ ਨੂੰ ਚਾਰ ਚੰਨ ਲਾਉਂਦਾ ਹੈ ਅਤੇ ਲੋਕ ਪ੍ਰਲੋਕ ਵਿੱਚ ਆਤਮਾ ਨੂੰ ਅਮੀਰੀ ਵਿਰਸਾ ਪ੍ਰਦਾਨ ਕਰਦਾ ਹੈ। ਇਸ ਨਸ਼ੇ ਨੂੰ ਸੇਵਨ ਕਰਨ ਵਾਲੇ ਮਨੁੱਖ ਨੂੰ ਸਤਿਗੁਰੂ ਜੀ ਨੇ ਸਚਾ ਅਮਲੀ ਕਿਹਾ ਹੈ। ਇਸ ਨਸ਼ੇ ਦੀ ਪ੍ਰਾਪਤੀ, ਨਾਮ, ਬਾਣੀ ਦੁਆਰਾ ਪ੍ਰਾਪਤ ਹੁੰਦੀ ਹੈ। ਜਿਸ ਵਡਭਾਗੇ ਨੂੰ, ਇਸ ਨਸ਼ੇ ਦੀ ਖੁਮਾਰੀ ਚੜ੍ਹ

ਜਾਂਦੀ ਹੈ, ਉਹ ਦਿਨ ਰਾਤ ਇਸ ਖੁਮਾਰੀ ਨੂੰ ਮਾਣਦਾ ਹੈ। ਭੰਗ, ਅਫੀਮ, ਸ਼ਰਾਬ ਦੇ ਨਸ਼ੇ ਤਾਂ ਗੁਰੂ ਨਾਨਕ ਦੇਵ ਜੀ ਦੇ ਫੁਰਮਾਨ ਅਨੁਸਾਰ ਥੋੜ ਚਿਰੇ ਹਨ, ਜਨਮ ਸਾਖੀ ਵਿੱਚ ਸਾਹਿਬਾਂ ਦਾ ਬਚਨ ਹੈ —

***ਭੰਗ ਅਫੀਮ ਚਰਸ ਮਦ ਉਤਰ ਜਾਇ ਪ੍ਰਭਾਤ ॥***
***ਨਾਮ ਖੁਮਾਰੀ ਨਾਨਕਾ ਚੜੀ ਰਹੇ ਦਿਨ ਰਾਤ ॥***

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਆਸਾ ਰਾਗ ਵਿੱਚ ਫੁਰਮਾਨ ਹੈ।

***ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ ॥***
***ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ ॥*** **(ਮ: ੫, ਪੰਨਾ ੩੯੯)**

ਅੱਜ ਸਮਾਂ ਐਸਾ ਚੱਲ ਰਿਹਾ ਹੈ ਆਮ ਲੋਕਾਂ ਦੀ ਗੱਲ ਤਾਂ ਇਕ ਪਾਸੇ ਰਹੀ ਸਿੱਖ ਭਾਈਚਾਰਾ ਅਤੇ ਨੌਜਵਾਨ ਉਨ੍ਹਾਂ ਸਾਰੇ ਨਸ਼ਿਆਂ ਦੇ ਸੇਵਨ ਵਿੱਚ ਇੰਨਾ ਗਲਤਾਨ ਹੋਇਆ ਪਿਆ ਹੈ, ਕਿ ਆਪਣੇ ਭਲੇ ਲਈ ਗੁਰੂ ਦੀ ਗੱਲ ਵੀ ਸੁਣਨ ਲਈ ਤਿਆਰ ਨਹੀਂ, ਜਿਸ ਨਸ਼ੇ ਪ੍ਰਥਾਇ ਸਤਿਗੁਰ ਜੀ ਨੇ ਸਖਤ ਮਨਾਹੀ ਕਰਕੇ ਫੁਰਮਾਇਆ ਸੀ—

***ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ ॥***
***ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥***
***ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥***
***ਜਿਤੁ ਪੀਤੈ ਖਸਮੁ ਵੀਸਰੈ ਦਰਗਹ ਮਿਲੈ ਸਜਾਇ ॥***
***ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥***

**ਸਲੋਕ ਮ: ੩, (ਪੰਨਾ ੫੫੪)**

***ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ ॥***
***ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ ॥***

**ਸਲੋਕ ਕਬੀਰ ਜੀ (ਪੰਨਾ ੧੩੭੭)**

ਉਨ੍ਹਾਂ ਸਾਰੇ ਨਸ਼ਿਆਂ ਨੂੰ ਆਪਣੇ ਜੀਵਨ ਦਾ ਹੀ ਆਧਾਰ ਬਣਾ ਲਿਆ ਹੈ। ਸਮਾਜ ਨਸ਼ਿਆਂ ਦੇ ਮਿੱਠੇ ਜ਼ਹਿਰ ਨੂੰ ਬੜੇ ਮਾਣ ਅਤੇ ਖੁਸ਼ੀ ਨਾਲ ਨਿਵਾਜ ਰਿਹਾ ਹੈ, ਜੋ ਬਹੁਤ ਹੀ ਨੁਕਸਾਨਦੇਹ ਰੁਝਾਨ ਹੈ। ਨਸ਼ਿਆਂ ਨਾਲ ਜਿਥੇ ਸਰੀਰ ਨੂੰ ਅਨੇਕਾਂ ਲਾ ਇਲਾਜ ਰੋਗ ਚਿੰਬੜ ਜਾਂਦੇ ਹਨ, ਉਥੇ ਬੁੱਧੀ ਮਲੀਨ ਅਤੇ ਭਰਿਸ਼ਟ ਹੋ ਕੇ ਮਨੁੱਖ ਪਾਸੋਂ ਅਨੇਕਾਂ ਐਸੇ ਪਾਪ ਕਰਮ ਕਰਵਾ ਦਿੰਦੀ ਹੈ ਜਿਹੜੇ ਮਨੁੱਖ ਦਾ ਲੋਕ ਅਤੇ



ਪ੍ਰਲੋਕ ਦੋਵੇਂ ਬਰਬਾਦ ਕਰ ਦਿੰਦੇ ਹਨ।

ਅਜ ਲੋੜ ਹੈ ਆਪਣੇ ਹੀ ਭਲੇ ਲਈ ਸਤਿਗੁਰਾਂ ਪਾਸੋਂ ਅਗਵਾਈ ਲੈ ਕੇ ਆਪਣੇ ਅਮੀਰ ਵਿਰਸੇ ਦੇ ਵਾਰਸ ਬਣ ਕੇ "ਨਾਨਕ ਸਚ ਅਮਲੀ" ਬਣ ਜਾਈਏ।

## 21. ਸਾਡਾ ਵਿਰਸਾ ਹੈ : ਵਿਰਸੇ ਵਿੱਚ ਸਰਦਾਰੀ ਦੀ ਬਖਸ਼ਿਸ਼

ਸਰਦਾਰੀ ਦੇ ਚਿੰਨ੍ਹ ਹਨ ਦਾੜ੍ਹੀ, ਕੇਸ ਅਤੇ ਦਸਤਾਰ। ਜਿਸ ਨੇ ਸਤਿਗੁਰ ਜੀ ਦੀਆਂ ਤਿੰਨੇ ਨਿਸ਼ਾਨੀਆਂ ਸਾਂਭ ਕੇ ਰਖੀਆਂ ਹਨ, ਹਰ ਮਨੁੱਖ ਬਿਨਾਂ ਝਿਜਕ ਦੇ ਉਸਨੂੰ ਸਰਦਾਰ ਜੀ ਕਹਿ ਕੇ ਸੰਬੋਧਨ ਕਰਦਾ ਹੈ। ਸਰਦਾਰੀ ਦੇ ਚਿੰਨ੍ਹਾਂ ਨੂੰ ਤਿਲਾਂਜਲੀ ਦੇ ਚੁੱਕੇ ਮਨੁੱਖ ਨੂੰ ਸੰਬੋਧਨ ਕਰਨ ਲਈ ਬੜੀ ਔਖ ਆਉਂਦੀ ਹੈ, ਬੰਦਾ ਮੁੜ-ਮੁੜ ਸੋਚਦਾ ਹੈ, ਕਿ ਮੈਂ ਇਸ ਨੂੰ ਬਾਬੂ ਜੀ ਆਖਾਂ, ਚੌਧਰੀ ਆਖਾਂ ਜਾਂ ਸ਼ਰਮਾ ਜਾਂ ਵਰਮਾ ਆਖਾਂ, ਜੇ ਸ਼ਰਮੇ, ਵਰਮੇ ਨੂੰ ਚੌਧਰੀ ਆਖ ਦਿੱਤਾ ਤਦ ਵੀ ਪੁਆੜਾ, ਜੇ ਮੋਨੇ ਬਣੇ ਸਰਦਾਰ ਨੂੰ ਸ਼ਰਮਾ ਜਾਂ ਵਰਮਾ ਆਖ ਦਿੱਤਾ ਤਦ ਵੀ ਝਗੜਾ। ਜਰਾ ਸੋਚੋ ਸਤਿਗੁਰੂ ਜੀ ਨੇ ਤਾਂ ਮੌਕੇ ਦੇ ਰਾਜਿਆਂ ਅਤੇ ਅਖੌਤੀ ਸਵਰਨ ਜਾਤੀ ਦੇ ਲੋਕਾਂ ਦੀਆਂ ਸ਼ਰਤਾਂ ਨੂੰ ਠੁਕਰਾ ਕੇ, ਸਾਨੂੰ ਦਬੇ ਕੁਚਲੇ ਲਿਤਾੜੇ ਲੋਕਾਂ ਨੂੰ ਇਹ ਕਹਿ ਕੇ ਸਰਦਾਰੀ ਬਖਸ਼ੀ ਸੀ।

***ਜਿਨ ਕੀ ਬਰਨ ਗੋਤ ਕੁਲ ਨਾਹੀ ॥***
***ਸਿਰਦਾਰੀ ਨਹ ਭਾਈ ਕਿਦਾਈ ॥***
***ਇਨਹੀ ਕੋ ਸਿਰਦਾਰ ਬਨਾਊ ॥***
***ਤਬੈ ਗੋਬਿੰਦ ਸਿੰਘ ਨਾਮ ਕਹਾਊ ॥***

ਅਤੇ ਬਚਨ ਕੀਤਾ ਸੀ —

***ਇਨ ਗ੍ਰੀਬ ਸਿਖਨ ਕੋ ਮੈ ਦੇਊ ਪਾਤਸ਼ਾਹੀ***
***ਜਿਹ ਯਾਦ ਰਖੇ ਹਮਰੀ ਗੁਰਆਈ ॥***

ਐਸੀ ਅਮੋਲਕ ਬਿਨਾਂ ਮੁੱਲ ਤੋਂ ਮਿਲੀ ਸਰਦਾਰੀ ਨੂੰ ਅਸੀਂ ਕਿਹੜੀ ਖੁਸ਼ੀ ਜਾਂ ਕਿਹੜੀ ਮਜਬੂਰੀ ਅਧੀਨ ਤਿਆਗ ਰਹੇ ਹਾਂ। ਜੇ ਅਗਿਆਨਤਾ ਵਿੱਚ ਜਾਂ ਰੀਸੋ-ਰੀਸੀ ਗਲਤ ਰਸਤੇ ਪੈ ਗਏ ਹਾਂ ਤਾਂ ਫਿਰ ਆਪਣੇ ਹੀ ਭਲੇ ਲਈ ਮੁੜ ਗੁਰੂ ਦੇ ਚਰਨਾਂ ਵਿੱਚ ਹਾਜ਼ਰ ਹੋ ਕੇ ਖਿਮਾਂ ਯਾਚਨਾ ਕਰ ਕੇ ਗੁਰੂ ਪਾਸੋਂ ਸਰਦਾਰੀ ਪ੍ਰਾਪਤ ਕਰ ਲੈਣੀ ਚਾਹੀਦੀ ਹੈ।

## 22 . ਸਾਡਾ ਵਿਰਸਾ ਹੈ : ਸਾਬਤ ਸੂਰਤਿ ਦਸਤਾਰ ਸਿਰਾ

**(ਪੰਨਾ ੧੦੮੪)**

ਸਿੱਖੀ ਸਿਧਾਂਤ ਅਨੁਸਾਰ ਪ੍ਰਮੇਸ਼ਰ ਸੰਪੂਰਨ ਹੈ ਅਤੇ ਜੋ ਕੁੱਝ ਵੀ ਸੰਪੂਰਨ ਪ੍ਰਭੂ ਨੇ ਬਣਾਇਆ ਹੈ, ਉਹ ਵੀ ਸੰਪੂਰਨ ਹੈ।

***ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ ॥***

***ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਂਹਿ ਸਮਾਂਹੀ ॥*** **(ਮ:੧ ਪੰਨਾ ੧੪੧੨)**

ਜਿਹੜਾ ਵੀ ਸੰਪੂਰਨ ਪ੍ਰਭੂ ਦੀ ਪੂਰਨਤਾ ਵਿੱਚ ਦਖਲ ਅੰਦਾਜੀ ਕਰੇਗਾ, ਜਿਥੇ ਉਹ ਪ੍ਰਭੂ ਦੀ ਦ੍ਰਿਸ਼ਟੀ ਵਿੱਚ ਸਜ਼ਾ ਦਾ ਭਾਗੀ ਹੋਵੇਗਾ, ਉਥੇ ਉਸ ਨੂੰ, ਸੰਪੂਰਣਤਾ ਵਿੱਚ ਦਖਲ ਅੰਦਾਜੀ ਕਰਨ ਵਿੱਚ ਸਫਲਤਾ ਨਹੀਂ ਮਿਲੇਗੀ। ਗੁਰਬਾਣੀ ਵਿੱਚ ਪ੍ਰਮਾਤਮਾ ਦਾ ਸਰੂਪ **"ਸੋਹਣੇ ਨਕ ਜਿਨ ਲੰਮੜੇ ਵਾਲਾ" (ਵਡਹੰਸ ਮ: ੧ ਪੰਨਾ ੫੬੭)** ਵਾਲਾ ਦਰਸਾਇਆ ਗਿਆ ਹੈ। ਪ੍ਰਭੂ ਨੇ ਮਨੁੱਖ ਨੂੰ ਆਪਣਾ ਸਰੂਪ ਬਖਸ਼ਸ਼ ਕੀਤਾ ਹੈ। ਪੁਰਾਤਨ ਰਿਸ਼ੀਆਂ, ਮੁਨੀਆਂ, ਅਵਤਾਰਾਂ, ਪੀਰਾਂ ਪੈਗੰਬਰਾਂ ਨੇ ਪ੍ਰਭੂ ਦੇ ਬਖਸ਼ਸ਼ ਕੀਤੇ ਸੰਪੂਰਨ ਸਰੂਪ ਨੂੰ **"ਸਾਬਤ ਸੂਰਤਿ ਦਸਤਾਰ ਸਿਰਾ" (ਮਾਰੂ ਮ: ੫ ਪੰਨਾ ੧੦੮੪)** ਦੀ ਦਿੱਖ ਵਿੱਚ ਸੰਭਾਲ ਕੇ ਪ੍ਰਭੂ ਖੁਸ਼ੀ ਨੂੰ ਪ੍ਰਾਪਤ ਕੀਤਾ।

ਅਜੋਕੇ ਮਨੁੱਖ ਦੀ ਮਾਨਸਕ ਦਸ਼ਾ ਬਹੁਤ ਹੀ ਨਿਘਰ ਗਈ ਹੈ। ਅਧੂਰਾ ਮਨੁੱਖ ਸੰਪੂਰਣ ਕਾਦਰ ਅਗੇ ਹੀ ਆਕੀ ਬਣ ਬੈਠਾ ਹੈ। ਪ੍ਰਮਾਤਮਾ ਦੀ ਸਾਬਤ ਸੂਰਤ ਦਾੜ੍ਹੀ ਕੇਸ਼ ਦੀ ਕੱਟ-ਵਢ ਕਰਕੇ ਆਪਣੀ ਮਰਜ਼ੀ ਅਨੁਸਾਰ ਅਨੇਕ ਤਰ੍ਹਾਂ ਦੀਆਂ ਸ਼ਕਲਾਂ ਘੜਨ ਲਈ ਯਤਨਸ਼ੀਲ ਹੋ ਕੇ ਆਪਣੀ ਅਲਪ ਬੁੱਧੀ ਦਾ ਪ੍ਰਗਟਾਵਾ ਕਰ ਰਿਹਾ ਹੈ। ਜੋ ਮਨੁੱਖ ਦੇ ਆਪਣੇ ਹੀ ਭਲੇ ਵਿੱਚ ਨਹੀਂ। ਮਨੁੱਖ ਸੁਹਣਾ ਬਣਦਾ ਬਣਦਾ ਸਗੋਂ ਕਰੂਪ ਬਣ ਰਿਹਾ ਹੈ।

ਗੁਰੂ ਦੀ ਨਦਰ ਵਿੱਚ ਤਾਂ ਉਹ ਮਨੁੱਖ ਸੁੰਦਰ ਹੈ ਜੋ ਨੇਕ ਕਰਮਾਂ ਦਾ ਧਾਰਨੀ ਹੈ। ਸੁੰਦਰ ਉਹ ਹੈ, ਜੋ ਨੇਕ ਬੰਦਿਆਂ ਦੀ ਸੁਹਬਤ ਵਿੱਚ ਬੈਠ, ਨੇਕ ਚਾਲੀ ਨੂੰ ਅਪਨਾਉਂਦਾ ਹੈ। ਸਾਹਿਬ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ **"ਸੇਈ ਸੁੰਦਰ ਸੋਹਣੇ ॥ ਸਾਧਸੰਗਿ ਜਿਨ ਬੈਹਣੇ" (ਮਾਝ ਮ: ੫, ਪੰਨਾ ੧੩੨)** ਪਰ ਅੱਜ ਦਾ ਨੌਜਵਾਨ, ਲਚਰ ਗੀਤ ਗਾਉਣ ਵਾਲਿਆਂ ਦੀ ਕੁਸੰਗਤ ਵਿੱਚ ਬੈਠ, ਲਚਰ ਗੀਤ ਸੁਣ ਕੇ ਉਨ੍ਹਾਂ ਵਰਗੀ ਸ਼ਕਲ ਬਣਾਉਣ ਲਈ ਉਤਾਵਲਾ ਹੋਇਆ ਫਿਰਦਾ ਹੈ। ਯਾਦ ਰੱਖੋ ਪ੍ਰਭੂ ਬਖਸ਼ਸ਼ ਕੀਤੇ ਵਿਰਸੇ ਨਾਲ ਟਕਰਾਉ ਕਰਾਂਗੇ ਜਾਂ ਕੁਦਰਤ ਤੋਂ ਬਾਗੀ ਹੋਵਾਂਗੇ। ਕਦਾਚਿਤ ਵੀ ਸੁੱਖ ਅਤੇ ਸ਼ਾਂਤੀ ਨਹੀਂ ਮਿਲੇਗੀ ਸਗੋਂ ਭਟਕਣਾ ਜਰੂਰ ਵੱਧੇਗੀ। ਅੱਜ ਲੋੜ ਹੈ



ਪ੍ਰਭੂ ਬਖਸ਼ਸ ਦਾੜ੍ਹੀ ਕੇਸਾਂ ਦੀ ਸੰਭਾਲ ਕਰਨ ਦੀ ਅਤੇ ਆਪਣੇ ਪੁਰਖਿਆਂ ਦੀਆਂ ਕੁਰਬਾਨੀਆਂ ਵੱਲ ਝਾਤ ਮਾਰ ਕੇ **"ਗੁਰਸਿਖ ਮੀਤ ਚਲਹੁ ਗੁਰ ਚਾਲੀ" (ਪੰਨਾ ੬੬੭)** ਧਾਰਨੀ ਬਣਨ ਦੀ।

## 23 . ਸਾਡਾ ਵਿਰਸਾ ਹੈ : ਹਮ ਸਭਨਾ ਕੇ ਸਾਜਨ

ਸਤਿਗੁਰੂ ਨਾਨਕ ਦੇਵ ਜੀ ਨੂੰ ਸਿੱਧਾਂ ਨੇ ਲਾਲਚ ਦਿੱਤਾ ਕਿ ਤੁਸੀਂ ਸਾਡੇ ਮੱਤ ਦੇ ਧਾਰਨੀ ਬਣ ਜਾਵੋ, ਅਸੀਂ ਸਾਰੇ ਤੁਹਾਨੂੰ ਆਈ ਪੰਥ ਦਾ ਸਿਰਮੌਰ ਮੰਨ ਲੈਂਦੇ ਹਾਂ। ਸਤਿਗੁਰ ਜੀ ਨੇ ਉੱਤਰ ਦਿੱਤਾ, ਅਸੀਂ ਪਹਿਲਾਂ ਹੀ ਆਈ ਪੰਥ ਦੇ ਵਾਰਸ ਹਾਂ, ਕਿਉਂਕਿ ਅਸੀਂ ਸਾਰਿਆਂ ਨੂੰ ਆਪਣੇ ਜਾਣਦੇ ਹਾਂ, ਸਾਡੇ ਲਈ ਕੋਈ ਵੀ ਓਪਰਾ ਨਹੀਂ ਹੈ। ਸਾਡਾ ਮੱਤ ਹੈ, **ਆਈ ਪੰਥੀ ਸਗਲ ਜਮਾਤੀ ॥** ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਜੋ ਸਾਡਾ ਅਸਲੀ ਵਿਰਸਾ ਹੈ, ਬਾਣੀ ਦੀ ਦ੍ਰਿਸ਼ਟੀ ਵਿੱਚ ਤਾਂ **ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥ (ਮ: ੫ ਪੰਨਾ ੬੭੧)** ਗੁਰੂ ਦੀ ਦ੍ਰਿਸ਼ਟੀ ਵਿੱਚ ਸਾਰਾ ਸੰਸਾਰ ਹੀ ਆਪਣਾ ਹੈ। ਇਥੇ ਤਾਂ ਗੁਣਾਂ ਦੀ ਸਾਂਝ ਹੈ। ਸਰੀਰਾਂ ਦਾ, ਜਾਤਾਂ ਦਾ, ਨਸਲਾਂ ਦਾ, ਧਰਮਾਂ ਦਾ ਕੋਈ ਵਖਰੇਵਾਂ ਨਹੀਂ। ਅਧਿਆਤਮਕ ਵਿਰਸੇ ਵਿੱਚ **"ਦੋਮ ਨ ਸੇਮ ਏਕ ਸੋ ਆਹੀ" (ਪੰਨਾ ੩੪੫)** ਦਾ ਹੀ ਪੈਮਾਨਾ ਲੱਗਦਾ ਹੈ। ਸਤਿਗੁਰ ਜੀ ਨੇ ਨਿਰਾ ਕਿਹਾ ਹੀ ਨਹੀਂ ਪ੍ਰੈਕਟੀਕਲ ਤੌਰ ਤੇ ਕਰ ਕੇ ਵਿਖਾਇਆ ਹੈ। ਜਿੱਥੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਛੇ ਸਤਿਗੁਰੂ ਸੁਭਾਇਮਾਨ ਹਨ, ਉਥੇ ਪੰਦਰਾਂ ਭਗਤ, ਗਿਆਰਾਂ ਭੱਟ, ਚਾਰ ਗੁਰਸਿੱਖ ਇਕੋ ਮੰਚ ਉਤੇ ਬੈਠ ਕੇ ਸਾਂਝਾ ਵਿਰਸਾ ਪ੍ਰਦਾਨ ਕਰ ਰਹੇ ਹਨ। ਸਤਿਗੁਰੂ ਭਗਤਾਂ, ਭੱਟਾਂ, ਗੁਰਸਿੱਖਾਂ, ਨਾਲ ਚੱਲ ਰਹੇ ਹਨ। ਭਗਤ, ਭੱਟ, ਗੁਰਸਿੱਖ, ਸਤਿਗੁਰਾਂ ਨਾਲ ਬਰਾਬਰ ਸਾਥ ਦਿੰਦੇ ਹਨ। ਜੁਦੇ ਜੁਦੇ ਮੱਤ, ਜੁਦੇ ਜੁਦੇ ਮਜਹਬ, ਜੁਦੇ ਜੁਦੇ ਪ੍ਰਾਂਤ ਹੋਣ ਦੇ ਬਾਵਜੂਦ ਵੀ ਕੋਈ ਵੱਖਰਾਪਨ, ਓਪਰਾਪਨ ਨਹੀਂ, ਕਿਉਂਕਿ ਗੁਰੂ ਦਾ ਮੱਤ ਹੈ **"ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ" ਮ: ੧ (ਪੰਨਾ ੭੬੬)**

ਅੱਜ ਆਪਾਂ ਆਪਣੇ ਅੰਦਰ ਝਾਤੀ ਵੀ ਮਾਰਨੀ ਹੈ ਕਿ ਸਤਿਗੁਰ ਜੀ ਤਾਂ ਵਖੋ ਵੱਖਰੇ ਮੱਤਾਂ, ਵੱਖਰੋ ਵੱਖਰੇ ਅਕੀਦਿਆਂ ਦੇ ਧਾਰਨੀਆਂ ਦੇ ਨਾਲ ਚੱਲ ਰਹੇ ਹਨ ਅਤੇ ਇਨ੍ਹਾਂ ਸਾਰਿਆਂ ਨੂੰ ਆਪਣੇ ਨਾਲ ਚਲਾ ਰਹੇ ਹਨ। ਪਰ ਅੱਜ ਆਪਾਂ **"ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥ ਮ: ੩ (ਪੰਨਾ ੬੪੬)**

ਦੇ ਧਾਰਨੀ ਬਣੇ ਹੋਏ ਵੀ ਸਭਨਾਂ ਦੇ ਨਾਲ ਰਲ ਕੇ ਤੇ ਸਭਨਾਂ ਨੂੰ ਨਾਲ ਲੈ ਕੇ ਤਾਂ ਕੀ ਤੁਰਨਾ ਹੈ ਸਗੋਂ ਦਸਵੇਂ ਪਾਤਸ਼ਾਹ ਜੀ ਦੇ ਕਥਨ ਵਾਲੀ ਗੱਲ ਸਾਡੇ ਨਾਲ

ਵਾਪਰ ਗਈ ਹੈ **"ਏਕ ਏਕ ਕੇ ਪੰਥ ਨ ਚਲ ਹੈ॥ ਏਕ ਏਕ ਕੀ ਬਾਤ ਉਥਲ ਹੈ"** ਵਾਲੀ ਸਾਡੀ ਦਸ਼ਾ ਬਣੀ ਹੋਈ ਹੈ। ਸਾਡਾ ਅੰਮ੍ਰਿਤ ਇੱਕ ਹੈ, ਨਿਤਨੇਮ ਇੱਕ ਹੈ, ਰਹਿਤ ਇੱਕ ਹੈ, ਗੁਰੂ ਇੱਕ ਹੈ ਪਰ ਫਿਰ ਵੀ ਅਸੀਂ ਅਨੇਕਾਂ ਫਿਰਕਿਆਂ ਵਿੱਚ ਵੰਡੇ ਹੋਏ ਹਾਂ। ਦਲਾਂ ਦੀ ਦਲਦਲ ਸਾਡੇ ਸਾਹਮਣੇ ਹੈ। ਸਮਾਂ ਇਹੋ ਜਿਹਾ ਬਣ ਗਿਆ ਹੈ, ਸਿੱਖ, ਸਿੱਖ ਦੇ ਹਥੋਂ ਪ੍ਰਸ਼ਾਦਾ ਲੈ ਕੇ ਛਕਣ ਨੂੰ ਤਿਆਰ ਨਹੀਂ। ਇਕ ਫਿਰਕਾ ਦੂਸਰੇ ਨੂੰ ਨਫਰਤ ਕਰਦਾ ਹੈ। ਪੰਥ ਅੰਦਰ ਹੀ ਬੜੀ ਹਾਸੋ ਹੀਣੀ ਦਸ਼ਾ ਵਰਤ ਰਹੀ ਹੈ। ਅੱਜ ਲੋੜ ਹੈ ਆਪਣੇ ਸਤਿਗੁਰਾਂ ਪਾਸੋਂ ਅਗਵਾਈ ਲੈ ਕੇ ਆਪਣੇ ਅਮੀਰ ਵਿਰਸੇ ਨਾਲ ਜੁੜ ਕੇ **"ਏਕ ਪਿਤਾ ਏਕਸ ਕੇ ਹਮ ਬਾਰਿਕ ਤੂੰ ਮੇਰਾ ਗੁਰ ਹਾਈ॥" (ਮ: ੫, ਪੰਨਾ ੬੧੧)** ਦੇ ਧਾਰਨੀ ਬਣ ਕੇ ਏਕਤਾ ਦਾ ਨਮੂਨਾ ਪੇਸ਼ ਕਰੀਏ।

## 24. ਸਾਡਾ ਵਿਰਸਾ ਹੈ : ਇਸਤਰੀ ਜਾਤ ਦਾ ਸਨਮਾਨ ਕਰਨਾ

ਕੁਝ ਇਕ ਸੌੜੀ ਸੋਚਣੀ ਦੇ ਲੋਕਾਂ ਨੇ ਇਸਤਰੀ ਜਾਤ ਨਾਲ ਕਾਫੀ ਤੋਂ ਜਿਆਦਾ ਬੇ-ਇਨਸਾਫੀ ਕੀਤੀ। ਸਮਾਜ ਵਿੱਚ ਬਰਾਬਰਤਾ ਦੀ ਬੇ-ਇਨਸਾਫੀ ਕੀਤੀ। ਸਮਾਜ ਵਿੱਚ ਬਰਾਬਰਤਾ ਦੀ ਭਾਈਵਾਲ, ਔਰਤ ਨੂੰ ਇਨ੍ਹਾਂ ਲੋਕਾਂ ਨੇ ਮਨ ਪਰਚਾਵੇ ਦਾ ਸਾਧਨ ਜਾਂ ਰੱਬ ਦੀ ਇਕ ਮਜੇਦਾਰ ਗਲਤੀ ਦਸ ਕੇ ਇਸਤਰੀ ਜਾਤੀ ਦੇ ਹੱਕਾਂ ਨੂੰ ਪੈਰਾਂ ਹੇਠ ਰੋਲ ਕੇ ਰੱਖ ਛੱਡਿਆ ਸੀ ਅਤੇ ਲੁਕਾਈ ਨੂੰ ਜੀਵਨ ਤਲ ਤੋ ਨੀਵੇਂ, ਲਿਜਾਣ ਵਾਲੇ ਨਾਹਰੇ ਦੇ ਛੱਡੇ ਸਨ। ਇਹ ਲੋਕ ਕਹਿੰਦੇ ਸਨ —

***ਢੋਲ ਗਵਾਰ ਛੂਦਰ ਪਸ਼ੂ ਨਾਰੀ॥***
***ਪਾਚੋ ਤਾੜਨ ਕੇ ਅਧਿਕਾਰੀ॥***

ਸਤਿਗੁਰ ਨਾਨਕ ਦੇਵ ਮਹਾਰਾਜ ਦੀ ਨੇ ਹਜਾਰਾਂ ਸਾਲਾਂ ਤੋਂ ਗੁਲਾਮੀ ਅਤੇ ਜਹਾਲਤ ਦੀ ਜਿੰਦਗੀ ਭੋਗ ਰਹੀ ਇਸਤਰੀ ਜਾਤੀ ਨੂੰ ਮਨੁੱਖ ਦੇ ਬਰਾਬਰ ਦਾ ਹੱਕ ਦੇ ਕੇ ਇਕ ਇਨਕਲਾਬੀ ਨਾਹਰਾ ਦਿੱਤਾ।

***ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ॥*** **(ਪੰਨਾ ੪੭੩ ਮ:੧)**

ਹਰ ਵਰਗ, ਹਰ ਖੇਤਰ ਵਿੱਚ ਇਸਤਰੀ ਜਾਤੀ ਨੂੰ ਪੂਰਾ ਪੂਰਾ ਸਨਮਾਨ ਅਤੇ ਅਧਿਕਾਰ ਪ੍ਰਦਾਨ ਕਰ ਦਿੱਤਾ।

ਅੱਜ ਅਸੀਂ ਆਪਣੇ ਅਮੀਰ ਵਿਰਸੇ ਨਾਲੋਂ ਟੁੱਟ ਕੇ ਗੁਰੂ ਸਿੱਖਿਆ ਨੂੰ ਅੱਖੋਂ ਪਰੋਖੇ ਕਰਕੇ, ਬਰਾਬਰਤਾ ਦੇਣ ਦੀ ਥਾਂ ਲਿੰਗ ਟੈਸਟ ਕਰਵਾ ਕੇ ਬੱਚੀਆਂ ਨੂੰ ਗਰਭ ਵਿੱਚ ਹੀ ਮਾਰ ਰਹੇ ਹਾਂ। ਇਸ ਕੁਕਰਮ ਨੂੰ ਕਰਨ ਵਿੱਚ ਨਾਰੀ ਹੀ ਨਾਰੀ ਦੀ ਦੁਸ਼ਮਣ ਬਣੀ ਹੋਈ ਹੈ। ਸਾਡਾ ਅੱਜ ਦਾ ਅਗਾਂਹ ਵਧੂ ਸਮਾਜ, ਬੱਚੀਆਂ ਦੇ ਸੰਸਾਰ ਵਿੱਚ ਜਨਮ ਲੈ



ਕੇ ਜਿਊਣ ਦਾ ਹੱਕ ਖੋਹ ਰਿਹਾ ਹੈ, ਜੋ ਸਮਾਜ ਅਤੇ ਮਨੁੱਖਤਾ ਦੇ ਮੱਥੇ ਉੱਤੇ ਕਾਲਖ ਦਾ ਧੱਬਾ ਹੈ। ਗੁਰਸਿੱਖੀ ਰਹਿਤ ਵਿੱਚ ਤਾਂ ਐਸਾ ਅਪਰਾਧ ਕਰਨ ਵਾਲੇ ਨਾਲ ਸਮਾਜਿਕ ਬਾਈਕਾਟ ਕਰਨ ਦਾ ਹੁਕਮ ਸਤਿਗੁਰ ਜੀ ਨੇ ਦਿੱਤਾ ਹੈ। ਪਰ ਆਪਣੇ ਵਿਰਸੇ ਅਤੇ ਧੁਰੇ ਨਾਲੋਂ ਟੁੱਟਿਆ ਹੋਇਆ ਸਮਾਜ ਕਿਥੇ ਪ੍ਰਵਾਹ ਕਰਦਾ ਹੈ ਗੁਰੂ ਹੁਕਮਾਂ ਦੀ। ਬੱਚੀਆਂ ਦੀ ਜਨਮ ਦਰ ਘਟਣ ਨਾਲ ਸਮਾਜ ਦਾ ਸੰਤੁਲਨ ਵਿਗੜ ਰਿਹਾ ਹੈ, ਜੋ ਆਉਣ ਵਾਲੇ ਭਵਿੱਖ ਵਿੱਚ ਅੱਤ ਚਿੰਤਾ ਦਾ ਵਿਸ਼ਾ ਬਣ ਸਕਦਾ ਹੈ। ਅੱਜ ਲੋੜ ਹੈ ਸੁਚੇਤ ਹੋ ਕੇ ਆਪਣੇ ਅਮੀਰ ਵਿਰਸੇ ਦੇ ਭਾਈਵਾਲ ਬਣਨ ਦੀ ਅਤੇ ਗੁਰੂ ਜਨਨੀ ਭਗਤ ਅਤੇ ਸੂਰਮਿਆਂ ਦੀ ਜਨਨੀ ਦਾ ਮਾਣ ਸਤਿਕਾਰ ਕਰਨ ਅਤੇ ਵਧਾਉਣ ਦੀ।

## 25. ਸਾਡਾ ਵਿਰਸਾ ਹੈ : ਗੁਰੂ ਗ੍ਰੰਥ ਜੀ ਮਾਨੀਓ ਪ੍ਰਗਟ ਗੁਰਾਂ ਕੀ ਦੇਹ

ਉਂਞ ਤਾਂ ਹਰ ਖੇਤਰ ਵਿੱਚ ਗੁਰੂ ਦੀ ਬਹੁਤ ਮਹਾਨਤਾ ਹੈ ਪਰ ਅਧਿਆਤਮਿਕ ਖੇਤਰ ਵਿੱਚ ਤਾਂ ਗੁਰੂ ਤੋਂ ਬਿਨਾਂ, ਇੱਕ ਕਦਮ ਵੀ ਮਨੁੱਖ ਚਲ ਨਹੀਂ ਸਕਦਾ, ਆਤਮਿਕ ਪੈਂਡੇ ਵਿੱਚ ਸਫਲਤਾ ਅਤੇ ਪ੍ਰਭੂ ਵਿੱਚ ਲੀਨਤਾ ਗੁਰੂ ਦੀ ਮਿਹਰ ਨਾਲ ਹੀ ਪ੍ਰਾਪਤ ਹੋ ਸਕਦੀ ਹੈ। ਜਨਮਾਂ-ਜਨਮਾਂ ਦੀ ਵਿਛੜੀ ਆਤਮਾ ਨੂੰ ਗੁਰੂ ਹੀ ਪ੍ਰਭੂ ਨਾਲ ਅਭੇਦਤਾ ਬਖਸ਼ਦਾ ਹੈ। ਸਾਹਿਬਾਂ ਦਾ ਫੁਰਮਾਨ ਹੈ —

***ਵਿਛੜਿਆ ਮੇਲੇ ਪ੍ਰਭੂ ਹਰ ਦਰਗਹ ਕਾ ਬਸੀਠ॥***

ਗੁਰੂ ਹੁਕਮ ਅਨੁਸਾਰ ਗੁਰੂ ਹੀ ਸਾਡੀ ਮਾਤਾ ਹੈ, ਗੁਰੂ ਹੀ ਪਿਤਾ ਹੈ, ਗੁਰੂ ਹੀ ਭਰਾ ਅਤੇ ਰਿਸ਼ਤੇਦਾਰ ਹੈ। ਗੁਰੂ ਹੀ ਸਾਡਾ ਪਾਰਬ੍ਰਹਮ ਪ੍ਰਮੇਸ਼ਰ ਹੈ। **ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ॥ ............. ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ॥**

**(ਮ: ੫ ਪੰਨਾ ੨੫੦)**

ਭਾਵੇਂ ਸਤਿਗੁਰ ਮਾਨ ਅਪਮਾਨ ਤੋਂ ਨਿਰਲੇਪ ਹਨ, ਪਰ ਜਿਹੋ ਜਿਹੀ ਭਾਵਨਾਂ ਨਾਲ ਅਸੀਂ ਸਤਿਗੁਰ ਦਾ ਮਾਨ ਸਤਿਕਾਰ ਕਰਾਂਗੇ, ਜਿਹੋ ਜਿਹੀ ਭਾਵਨਾ ਨਾਲ ਅਸੀਂ ਸਤਿਗੁਰ ਨੂੰ ਵੇਖਾਂਗੇ, ਜਿਹੋ ਜਿਹੀ ਭਾਵਨਾ ਨਾਲ ਅਸੀਂ ਸਤਿਗੁਰ ਜੀ ਪਾਸੋਂ ਮੰਗਾਗੇ, ਉਸੇ ਭਾਵਨਾ ਅਨੁਸਾਰ ਹੀ ਸਾਡੀ ਭਾਵਨਾ ਨੂੰ ਫਲ ਲੱਗਣਾ ਹੈ। ਸਤਿਗੁਰ ਰਾਮਦਾਸ ਜੀ ਦਾ ਫੁਰਮਾਨ ਹੈ —

**ਸਤਿਗੁਰ ਨੋ ਜੇਹਾ ਕੋ ਇਛਦਾ ਤੇਹਾ ਫਲੁ ਪਾਏ ਕੋਇ॥ (ਮ: ੪, ਪੰਨਾ ੩੦੨)**

ਗੁਰੂ ਗ੍ਰੰਥ ਸਾਹਿਬ ਜੀ ਸਾਡੇ ਗੁਰੂ ਹਨ। ਅਸੀਂ ਗੁਰਬਾਣੀ ਵਿੱਚ ਸਤਿਗੁਰੂ ਦੀ

ਮਹਾਨਤਾ ਪੜ੍ਹਦੇ ਅਤੇ ਸੁਣਦੇ ਹਾਂ ਅਤੇ ਸਤਿਕਾਰ ਕਰਨ ਦਾ ਯਤਨ ਵੀ ਕਰਦੇ ਹਾਂ। ਪਰ ਬਹੁਤੀ ਵਾਰੀ ਵੇਖਣ ਵਿੱਚ ਆਉਂਦਾ ਹੈ ਕਿ ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਵਿਚਰਦੇ ਹਾਂ, ਜਾਂ ਬੈਠੇ ਹੁੰਦੇ ਹਾਂ, ਕਈ ਵਾਰੀ ਨੀਵੇਂ ਪੱਧਰ ਦੀਆਂ ਜਾਂ ਨਿੰਦਿਆ-ਚੁਗਲੀ, ਹਾਸੇ-ਮਖੌਲ ਦੀਆਂ ਗੱਲਾਂ ਗੁਰੂ ਹਜ਼ੂਰੀ ਵਿੱਚ ਹੀ ਕਰਨੀਆਂ ਆਰੰਭ ਕਰ ਦਿੰਦੇ ਹਾਂ, ਸ਼ਾਇਦ ਅਜਿਹਾ ਹਾਸਾ ਮਖੌਲ, ਅਸੀਂ ਕਿਸੇ ਸਾਧਾਰਣ ਵਿਅਕਤੀ ਦੇ ਸਾਹਮਣੇ ਕਰਨ ਤੋਂ ਵੀ ਸੰਕੋਚ ਕਰੀਏ। ਸਾਡੀ ਅਧੋਗਤੀ ਵਾਲੀ ਮਾਨਸਿਕਤਾ ਦਾ ਪੜਦਾ ਉਸ ਸਮੇਂ ਚੁਕਿਆ ਜਾਂਦਾ ਹੈ, ਜਦੋਂ ਕਿਤੇ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਕੁੱਝ ਮਤੇ ਪਾਸ ਕਰਨ ਲਈ ਪੰਥਕ ਮੀਟਿੰਗ ਕਰ ਰਹੇ ਹੁੰਦੇ ਹਾਂ। ਉਸ ਸਮੇਂ ਬਾਹਾਂ ਉਲਾਰ ਉਲਾਰ ਕੇ ਇਕ ਦੂਜੇ ਉਤੇ ਦੂਸ਼ਣਬਾਜੀ ਕੀਤੀ ਜਾਂਦੀ ਹੈ। ਇਕ ਦੂਸਰੇ ਦੀ ਜਾਤ ਉਤੇ ਘਟੀਆ ਕਿਸਮ ਦੇ ਇਲਜਾਮ ਲਾਏ ਜਾਂਦੇ ਹਨ। ਅਜਿਹੇ ਮਾਹੌਲ ਵਿੱਚ ਅਸੀਂ ਗੁਰੂ ਹਜ਼ੂਰੀ ਨੂੰ ਬਿਲਕੁਲ ਹੀ ਭੁੱਲ ਗਏ ਹੁੰਦੇ ਹਾਂ। ਕਈ ਵਾਰੀ ਤਾਂ ਗੁਰੂ ਹਜ਼ੂਰੀ ਵਿੱਚ ਹੀ ਹੱਥੋਪਾਈ ਤੱਕ ਨੌਬਤ ਪੁੱਜ ਜਾਂਦੀ ਹੈ। ਗ੍ਰੰਥੀ ਸਿੰਘ ਨੂੰ ਗੁਰੂ ਸਤਿਕਾਰ ਰੱਖਣ ਵਾਸਤੇ ਗੁਰੂ ਮਹਾਰਾਜ ਜੀ ਦਾ ਸੁਖਆਸਣ ਕਰਨਾ ਪੈਂਦਾ ਹੈ। ਇਹ ਸਾਰਾ ਕੁੱਝ ਅਸੀਂ ਤਦ ਹੀ ਕਰਦੇ ਹਾਂ ਜਦੋਂ ਅਸੀਂ **"ਗੁਰੂ ਗ੍ਰੰਥ ਜੀ ਮਾਨੀਓ ਪ੍ਰਗਟ ਗੁਰਾਂ ਕੀ ਦੇਹ"** ਸ਼ਬਦ ਖੁਦ ਹੀ ਪੜ੍ਹੇ ਹੋਏ ਭੁੱਲ ਜਾਂਦੇ ਹਾਂ। ਜੇ ਯਾਦ ਰੱਖੀਏ ਕਿ **"ਸਤਿਗੁਰ ਜਾਗਤਾ ਹੈ ਦੇਉ"** ਅਤੇ ਸਤਿਗੁਰੂ **"ਸਦ ਸੁਣਦਾ ਸਦ ਵੇਖਦਾ"** ਦਾ ਨਿਹਚਾ ਸਾਨੂੰ ਹੋ ਜਾਵੇ ਫਿਰ ਕਦੀ ਵੀ ਅਸੀਂ ਅਜਿਹੀਆਂ ਹਰਕਤਾਂ, ਹਾਸਾ ਮਖੌਲ ਗੁਰੂ ਹਜ਼ੂਰੀ ਵਿੱਚ ਨਹੀਂ ਕਰਾਂਗੇ। ਲੋੜ ਹੈ ਅਮਲੀ ਤੌਰ ਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਗਟ ਗੁਰਾਂ ਕੀ ਦੇਹ ਮੰਨਣ ਦੀ। ਜੇ ਮੰਨਾਂਗੇ ਆਪਣੇ ਸ਼ਬਦ-ਗੁਰੂ ਦੇ ਸਿਧਾਂਤ ਨਾਲ ਜੁੜੇ ਰਹਾਂਗੇ। ਜੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਗਟ ਗੁਰਾਂ ਕੀ ਦੇਹ ਨ ਸਮਝਾਂਗੇ ਆਪਣੇ ਅਮੀਰ ਵਿਰਸੇ ਨਾਲੋਂ ਟੁੱਟ ਜਾਵਾਂਗੇ। ਅੱਜ ਸੋਚਣ ਦੀ ਲੋੜ ਹੈ, ਨਿਰਾ ਪੜ੍ਹਨ ਤੱਕ ਹੀ ਸੀਮਤ ਨਹੀਂ ਰਹਿਣਾ। ਸਤਿਗੁਰੂ ਜੀ ਨੇ **"ਮੰਨੇ ਕੀ ਗਤਿ ਕਹੀ ਨ ਜਾਇ"** ਦਾ ਜੋ ਸਿਧਾਂਤ ਦਿੱਤਾ ਹੈ, ਉਸ ਨੂੰ ਜੀਵਨ ਵਿੱਚ ਘਟਾਉਣ ਲਈ ਯਤਨਸ਼ੀਲ ਹੋਣ ਦੀ ਲੋੜ ਹੈ।

## 26. ਸਾਡਾ ਵਿਰਸਾ ਹੈ : ਮੀਰੀ ਪੀਰੀ ਦਾ ਸਿਧਾਂਤ

ਪ੍ਰਮੇਸ਼ਰ ਜੀ ਨੇ ਸੰਸਾਰ ਦੀ ਖੇਡ ਹੀ ਐਸੀ ਬਣਾਈ ਹੈ। ਕੁਦਰਤ ਨੇ ਹਰ ਤੱਤ ਦਾ ਵਿਰੋਧੀ ਤੱਤ ਪੈਦਾ ਕੀਤਾ ਹੈ। ਫਿਰ ਕਮਾਲ ਦੀ ਗੱਲ ਇਹ ਹੈ ਕਿ ਹਰ ਤੱਤ ਆਪਣੇ ਵਿਰੋਧੀ ਤੱਤ ਦੇ ਆਸਰੇ ਹੀ ਮੌਲਦਾ ਅਤੇ ਜੀਵਨ ਮਾਣਦਾ ਹੈ। ਜਦੋਂ ਇਕ ਤੱਤ ਦਾ



ਵਿਰੋਧੀ ਤੱਤ ਖਤਮ ਜਾਂ ਕਮਜ਼ੋਰ ਹੋ ਜਾਂਦਾ ਹੈ ਤਾਂ ਦੂਸਰੇ ਤੱਤ ਦੀ ਹੋਂਦ ਨੂੰ ਖਤਰਾ ਬਣ ਜਾਂਦਾ ਹੈ। ਦੋਵਾਂ ਤੱਤਾਂ ਦੀ ਸਮਤੁਲਣਤਾ ਨਾਲ ਹੀ ਸੰਸਾਰ ਦੀ ਕਾਇਨਾਤ ਚਲ ਰਹੀ ਹੈ। ਮਿਸਾਲ ਦੇ ਤੌਰ ਤੇ ਬਨਸਪਤੀ ਹੈ, ਮਨੁੱਖ ਹੈ, ਦੋਵਾਂ ਵਿੱਚ ਅੱਗ ਦਾ ਤੱਤ ਵੀ ਹੈ ਅਤੇ ਪਾਣੀ ਦਾ ਤੱਤ ਵੀ ਹੈ। ਅੱਗ ਅਤੇ ਪਾਣੀ ਦੇ ਨਿਸ਼ਚਿਤ ਸੰਤੁਲਣ ਨਾਲ ਹੀ ਦਰਖਤ ਮੌਲਦੇ ਹਨ, ਮਨੁੱਖ ਦਾ ਸਰੀਰ ਵੱਧਦਾ ਫੁੱਲਦਾ ਹੈ, ਜੇ ਅੱਗ ਦਾ ਜਾਂ ਪਾਣੀ ਦਾ ਤੱਤ ਸਰੀਰ ਵਿਚੋਂ ਘਟ ਜਾਂ ਵੱਧ ਜਾਵੇ, ਉਸੇ ਸਮੇਂ ਸਰੀਰ ਦੀ ਜੀਵਨ ਕਿਰਿਆ ਖਤਮ ਹੋ ਜਾਂਦੀ ਹੈ। ਬਿਜਲੀ ਦੇ ਸੁਖ ਵੀ ਉਸ ਦੇ ਨੈਗੇਟਿਵ ਅਤੇ ਪੋਜੇਟਿਵ ਦੋ ਵਿਰੋਧੀ ਤੱਤਾਂ ਦੀ ਨਿਸ਼ਚਿਤ ਹੋਂਦ ਵਿੱਚ ਹੀ ਮਾਣੇ ਜਾ ਸਕਦੇ ਹਨ।

ਇਸੇ ਤਰ੍ਹਾਂ ਸੰਸਾਰ ਅਤੇ ਸਮਾਜ ਵਿੱਚ, ਨਿਗਰ, ਨਿਰੋਆ ਖੁਸ਼ੀ ਖੇੜੇ ਭਰਿਆ ਜੀਵਨ ਬਤੀਤ ਕਰਨ ਲਈ ਭਗਤੀ ਅਤੇ ਸ਼ਕਤੀ ਦੋਵਾਂ ਦਾ ਨਿਸ਼ਚਤ ਰੂਪ ਵਿੱਚ ਹੋਣਾ ਲਾਜਮੀ ਹੈ। ਜਿਸ ਨੂੰ ਗੁਰਮਤ ਵਿੱਚ ਮੀਰੀ ਅਤੇ ਪੀਰੀ ਦੇ ਸਿਧਾਂਤ ਨਾਲ ਜਾਣਿਆ ਜਾਂਦਾ ਹੈ।

ਗ੍ਰਿਹਸਤੀ ਜੀਵਨ ਮੀਰੀ ਹੈ। ਕਿਰਤ ਕਰਨੀ ਮੀਰੀ ਹੈ। ਸਾਰੀ ਸੰਸਾਰਕਤਾ ਮੀਰੀ ਹੈ, ਦੂਜੇ ਪਾਸੇ ਵੰਡ ਛਕਣਾ, ਨਾਮ ਜਪਣਾ ਅਤੇ ਸਮੁੱਚੀ ਅਧਿਆਤਮਕਤਾ ਪੀਰੀ ਹੈ। ਕੁਦਰਤ ਦੇ ਨੇਮ ਅਨੁਸਾਰ ਮੀਰੀ ਨੂੰ ਪੀਰੀ ਦੀ ਅਤੇ ਪੀਰੀ ਨੂੰ ਮੀਰੀ ਦੀ ਲੋੜ ਹੈ। ਮੀਰੀ ਤੋਂ ਬਿਨਾਂ ਪੀਰੀ, ਕਾਇਰ, ਡਰਪੋਕ ਅਤੇ ਬੁਜਦਿਲ ਹੈ। ਇਸੇ ਤਰ੍ਹਾਂ ਪੀਰੀ ਤੋਂ ਬਿਨਾਂ ਇੱਕਲੀ ਮੀਰੀ, ਜਾਲਮ, ਧਕੜ ਅਤੇ ਮਨੁੱਖਤਾ ਲਈ ਵਿਨਾਸ਼ ਅਤੇ ਦੁੱਖ ਤੋਂ ਸਿਵਾ ਕੁਝ ਵੀ ਨਹੀਂ। ਦੋਵਾਂ ਦਾ ਅਨੁਪਾਤਕ ਸੁਮੇਲ ਹੀ ਮਨੁੱਖ ਅਤੇ ਸਮਾਜ ਨੂੰ ਖੁਸ਼ੀਆਂ ਖੇੜੇ ਪ੍ਰਦਾਨ ਕਰ ਸਕਦਾ ਹੈ। ਮੀਰੀ ਪੀਰੀ ਪ੍ਰਵਿਰਤੀ ਅਤੇ ਨ੍ਰਿਵਿਰਤੀ, ਭਗਤੀ ਅਤੇ ਸ਼ਕਤੀ, ਅਧਿਆਤਮਕਤਾ ਅਤੇ ਸੰਸਾਰਕਤਾ ਦਾ ਅਨੂਠਾ ਸੁਮੇਲ ਹੈ। ਮੀਰੀ ਅਤੇ ਪੀਰੀ, ਜੀਵਨ ਦਰਿਆ ਦੇ ਦੋ ਕਿਨਾਰੇ ਹਨ, ਦੋਵਾਂ ਕਿਨਾਰਿਆਂ ਦੇ ਵਿਚਕਾਰ ਹੀ ਜੀਵਨ ਰੌ ਠੀਕ ਢੰਗ ਨਾਲ ਚਲ ਸਕਦੀ ਹੈ। ਜੇ ਇਕ ਵੀ ਕਮਜ਼ੋਰ ਹੋ ਜਾਵੇ, ਜੀਵਨ ਰੌ ਠੀਕ ਢੰਗ ਨਾਲ ਨਹੀਂ ਚਲੇਗੀ, ਮੀਰੀ ਪੀਰੀ ਦਾ ਸਿਧਾਂਤ ਕੁਦਰਤ ਦਾ ਸਿਧਾਂਤ ਹੈ। ਜਿਸ ਤਰ੍ਹਾਂ ਖੇਤ ਦੀ ਰਖਵਾਲੀ ਲਈ ਵਾੜ, ਬਾਗ ਦੀ ਰਖਵਾਲੀ ਲਈ ਕਿੱਕਰਾਂ ਦੇ ਬੂਟੇ, ਘਰ ਦੀ ਰਖਵਾਲੀ ਲਈ ਜੰਦਰਾ ਅਤੇ ਕੁੱਤੇ, ਇਸੇ ਤਰ੍ਹਾਂ ਭਗਤੀ (ਪੀਰੀ) ਅਤੇ ਸਦਾਚਾਰ ਦੀ ਰਖਵਾਲੀ ਲਈ ਸ਼ਕਤੀ (ਮੀਰੀ) ਦੀ ਲੋੜ ਹੈ। ਭਾਈ ਗੁਰਦਾਸ ਜੀ ਦਾ ਫੁਰਮਾਨ ਹੈ —

***ਖੇਤੀ ਵਾੜ ਸੁ ਢਿੰਗਰੀ ਕਿਕਰ ਆਸ ਪਾਸ ਜਿਉ ਬਾਗੈ ॥***
***ਸਪ ਲਪੇਟੇ ਚੰਨਣੈ ਬੂਹੈ ਜੰਦਾ ਕੁਤਾ ਜਾਗੈ ॥*** **(ਵਾਰ ੨੬ ਪਉੜੀ ੨੫)**

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਪਿੱਛੋਂ ਭਗਤੀ, ਸਦਾਚਾਰ ਦੀ ਰਖਵਾਲੀ ਲਈ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਮੀਰੀ ਪੀਰੀ ਦਾ ਸਿਧਾਂਤ ਇੱਕਠਾ ਕਰਕੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ ਅਤੇ ਸੱਚ, ਹੱਕ, ਇਨਸਾਫ ਅਤੇ ਮਜਲੂਮ ਦੀ ਰਖਵਾਲੀ ਲਈ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਰਚਨਾ ਕੀਤੀ। ਸਮੇਂ ਦੀ ਹਕੂਮਤ ਨਾਲ ਚਾਰ ਜੰਗਾਂ, ਇਨਸਾਫ ਅਤੇ ਗੈਰਤ ਦੀ ਰਖਵਾਲੀ ਲਈ ਲੜੀਆਂ ਅਤੇ ਚੌਹਾਂ ਵਿੱਚ ਵਿਜੈ ਪ੍ਰਾਪਤ ਕੀਤੀ ਪਰ ਇੱਕ ਵੀ ਜੰਗ ਵਿੱਚ ਪੀਰੀ ਦੀ ਤਲਵਾਰ ਦੀ ਵਰਤੋਂ ਨਹੀਂ ਕੀਤੀ, ਸਗੋਂ ਤਲਵਾਰ ਦੀ ਮਾਰੂ ਸ਼ਕਤੀ ਨੂੰ ਇਨਸਾਫ, ਅਣਖ, ਗੈਰਤ ਮਜਲੂਮ ਦੀ ਰਖਿਆ ਹਿਤ ਉਸਾਰੂ ਸ਼ਕਤੀ ਲਈ ਵਰਤ ਕੇ ਸੰਸਾਰ ਨੂੰ ਇਕ ਨਵੀਂ ਸੇਧ ਦਿੱਤੀ।

ਹਮੇਸ਼ਾਂ ਪੀਰੀ ਦੇ ਅਧੀਨ ਮੀਰੀ ਨੂੰ ਰਖਿਆ ਅਤੇ ਰੱਖਣ ਦੀ ਜਾਚ ਸਿਖਾਈ। ਪੀਰੀ ਮੀਰੀ (ਭਗਤੀ ਅਤੇ ਸ਼ਕਤੀ) ਨੂੰ ਇੱਕਠਾ ਜ਼ਰੂਰ ਕੀਤਾ ਪਰ ਬਰਾਬਰਤਾ ਨਹੀਂ ਦਿੱਤੀ। ਹਮੇਸ਼ਾ ਪੀਰੀ ਨੂੰ ਪ੍ਰਥਮ ਦਰਜਾ ਦਿੱਤਾ। ਮੀਰੀ ਦੇ ਸਿਰ ਉਪਰ ਪੀਰੀ ਦਾ ਕੁੰਡਾ ਸਥਾਪਿਤ ਕੀਤਾ।

ਪਰ ਅੱਜ ਸਾਰਾ ਹੀ ਕੰਮ ਉਲਟ ਹੋ ਗਿਆ ਹੈ। ਪੀਰੀ, ਮੀਰੀ ਦੇ ਅਧੀਨ ਹੋ ਗਈ ਹੈ। ਇਸੇ ਕਾਰਣ ਹੀ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਉਲਝਣਾਂ ਪੈਦਾ ਹੋ ਗਈਆਂ ਹਨ। ਪੀਰੀ ਅਤੇ ਮੀਰੀ ਦਾ ਅਨੁਪਾਤਕ ਸੰਤੁਲਨ ਖਰਾਬ ਹੋ ਗਿਆ ਹੈ ਜੋ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ। ਅੱਜ ਗੱਲ ਵਸ ਤੋਂ ਦੁਰੇਡੀ ਜਾ ਚੁੱਕੀ ਹੈ। ਲੋੜ ਹੈ ਸਾਰੇ ਰਲ ਕੇ ਗੁਰੂ ਚਰਨਾਂ ਵਿੱਚ ਅਰਦਾਸ ਕਰੀਏ ਅਤੇ ਆਪੋ ਆਪਣੇ ਵਿਤ ਅਨੁਸਾਰ ਜਤਨ ਕਰੀਏ ਤਾਂ ਜੋ ਪੀਰੀ ਦੇ ਅਧੀਨ ਮੀਰੀ ਹੋ ਸਕੇ ਅਤੇ ਜਿਸ ਭਾਵਨਾ ਨਾਲ ਸਤਿਗੁਰੂ ਜੀ ਨੇ ਸੰਸਾਰ ਵਿੱਚ ਹਲੇਮੀ ਰਾਜ ਕਾਇਮ ਕਰਨ ਵਾਸਤੇ ਮੀਰੀ ਪੀਰੀ ਦਾ ਸਿਧਾਂਤ ਦਿੱਤੀ ਸੀ, ਉਹ ਆਪਣੇ ਅਸਲੀ ਰੂਪ ਵਿੱਚ ਨਿਖਰ ਕੇ ਸੰਸਾਰ ਦੇ ਸਾਹਮਣੇ ਆਵੇ।

**ਵਾਹਿਗੁਰੂ ਜੀ ਕਾ ਖਾਲਸਾ ॥**
**ਵਾਹਿਗੁਰੂ ਜੀ ਕੀ ਫਤਹਿ ॥**



*ਬਾਬਾ ਜੋਰਾਵਰ ਸਿੰਘ, ਬਾਬਾ ਫਤਹਿ ਸਿੰਘ, ਮਾਤਾ ਗੁਜਰੀ ਜੀ ਦੇ ਪਾਵਨ ਪਵਿਤ੍ਰ ਸ਼ਹੀਦੀ ਅਸਥਾਨ ਫਤਹਿ ਗੜ੍ਹ ਸਾਹਿਬ ਦੀ ਪਵਿਤ੍ਰ ਧਰਤੀ ਉਤੇ ਵਿਰਸਾ ਸੰਭਾਲ ਵਿਸ਼ਵ ਸਿੱਖ ਸੰਮੇਲਨ ਦੇ ਮੌਕੇ ਬੜੇ ਹੀ ਸੀਮਤ ਸਮੇਂ ਵਿੱਚ ਸਮਾਜਿਕ ਕੁਰੀਤੀਆਂ ਅਤੇ ਸਾਡਾ ਵਿਰਸਾ ਸ੍ਵੈ ਪੜਚੋਲ ਦੇ ਸਿਰਲੇਖ ਹੇਠ ਦੋ ਟ੍ਰੈਕਟ, ਅਲਪ ਜਿਹੀ ਬੁੱਧੀ ਦੇ ਨਾਲ ਲਿਖ ਕੇ ਆਪ ਸੰਗਤਾਂ ਦੀ ਸੇਵਾ ਵਿੱਚ ਭੇਟ ਕਰਨ ਦਾ ਨਿਗੁਣਾ ਜਿਹਾ ਯਤਨ ਕੀਤਾ ਹੈ। ਗੁਰਬਾਣੀ ਅਤੇ ਗੁਰਮੱਤ ਦੀ ਕਸਵੱਟੀ ਅਨੁਸਾਰ ਜੋ ਵਿਚਾਰ ਚੰਗੇ ਲੱਗਣ, ਉਸ ਨੂੰ ਗੁਰੂ ਆਸ਼ਾ, ਗੁਰੂ ਸੰਦੇਸ਼ ਸਮਝ ਕੇ ਸਵੀਕਾਰ ਕਰ ਲੈਣਾ। ਗੁਰੂ ਆਸ਼ੇ ਤੋਂ ਦੁਰੇਡੇ ਵਿਚਾਰਾਂ ਨੂੰ ਮੇਰੀ ਨਿਜੀ ਭੁਲ ਜਾਣ ਕੇ ਖਿਮਾਂ ਕਰ ਦੇਣਾ ਅਤੇ ਸੁਝਾਅ ਦੇ ਕੇ ਮਾਰਗ ਦਰਸਾਉਣ ਦੀ ਕਿਰਪਾਲਤਾ ਕਰਨੀ ਜੀ ॥*